੧ੴ ਵਾਹਿਗੁਰੂ ਜੀ ਕੀ ਫਤਹਿ

15

# ਸਿੱਖ ਇਤਿਹਾਸ ਵਿਚੋਂ ਚੋਣਵੀਆਂ ਸਾਖੀਆਂ

[3]


| ਸਾਖੀ | ਪੰਨਾ |
|---|---|
| 1. ਭਾਈ ਤਿਲਕਾ ਜੀ | 1 |
| 2. ਭਾਈ ਮਤੀ ਦਾਸ ਜੀ | 5 |
| 3. ਭਾਈ ਜੈਤਾ ਜੀ | 8 |
| 4. ਭਾਈ ਬਚਿੱਤਰ ਸਿੰਘ ਜੀ | 14 |
| 5. ਛੋਟੇ ਸਾਹਿਬਜ਼ਾਦੇ | 15 |
| 6. ਭਾਈ ਲਖਮੀਰ ਤੇ ਸ਼ਮੀਰ | 22 |
| 7. ਮਾਈ ਭਾਗ ਕੌਰ ਜੀ | 25 |
| 8. ਬੀਬੀ ਭਾਨੀ ਜੀ | 29 |



ਪ੍ਰਕਾਸ਼ਕ :

ਸਿੱਖ ਮਿਸ਼ਨਰੀ ਕਾਲਜ (ਰਜਿ:)

1051, ਕੂਚਾ 14, ਫੀਲਡ ਗੰਜ, ਲੁਧਿਆਣਾ-8.

ਸਬ ਆਫਿਸ : A-143, ਫਤਹਿ ਨਗਰ, ਨਵੀਂ ਦਿੱਲੀ-18.

4

## ਦੋ ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ

ਵਿੱਚ ਦਾਖਲਾ ਲੈ ਕੇ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਹਾਸਲ ਕਰੋ।

**ਨਿਯਮ** :

੧. ਤੁਸੀਂ ਘਰ ਬੈਠੇ ਹੀ ਇਹ ਕੋਰਸ ਕਰ ਸਕਦੇ ਹੋ।

੨. ਦਾਖਲਾ ਹਰ ਵੀਰ, ਭੈਣ ਲਈ ਹਰ ਸਮੇਂ ਖੁਲ੍ਹਾ ਹੈ।

੩. ਦੋ ਸਾਲ ਦਾ ਸਾਰਾ ਸਿਲੇਬਸ ਅੱਠ ਤਿਮਾਹੀਆਂ ਵਿੱਚ ਵੰਡਿਆ ਹੋਇਆ ਹੈ।

੪. ਹਰ ਤਿਮਾਹੀ ਵਿੱਚ ਸ਼ਬਦਾਂ ਦੀ ਵਿਆਖਿਆ, ਗੁਰ ਇਤਿਹਾਸ, ਸਾਖੀਆਂ, ਸਿੱਖ ਫਿਲਾਸਫੀ ਤੇ ਲੈਕਚਰ ਆਦਿ ਸਾਰਾ ਸਿਲੇਬਸ ਪੂਰਾ ਹਲ ਕੀਤਾ ਹੋਇਆ ਦਿੱਤਾ ਜਾਂਦਾ ਹੈ।

੫. ਦੋ ਸਾਲ ਦੀ ਦਾਖਲਾ ਫੀਸ ਕੇਵਲ ੧੦ ਰੁਪਏ ਹੈ।

੬. ਹਰ ਤਿਮਾਹੀ ਦੀਆਂ ਪੁਸਤਕਾਂ ਦਾ ਖਰਚਾ ਕੇਵਲ ੪੦ ਰੁ: ਹੈ।

੭. ਹਰ ਤਿਮਾਹੀ ਦੇ ਨਾਲ Objective Type ਪ੍ਰਸ਼ਨ ਪੱਤਰ ਭੇਜਿਆ ਜਾਂਦਾ ਹੈ, ਜਿਸ ਨੂੰ ਘਰ ਬੈਠੇ ਹੀ ਹਲ ਕਰਕੇ ਵਾਪਸ ਭੇਜਣਾ ਹੁੰਦਾ ਹੈ। ਹਲ ਕੀਤੇ ਪ੍ਰਸ਼ਨ ਪੱਤਰ ਸੁਧਾਈ ਉਪ੍ਰੰਤ ਆਪ ਜੀ ਨੂੰ ਵਾਪਸ ਭੇਜ ਦਿੱਤੇ ਜਾਣਗੇ।

੮. ਸਫਲਤਾ ਪੂਰਵਕ ਕੋਰਸ ਕਰਨ ਉਪ੍ਰੰਤ ਦੋ-ਸਾਲਾ ਸਿੱਖ ਮਿਸ਼ਨਰੀ ਕੋਰਸ ਪਾਸ ਦੇ ਸਰਟੀਫਿਕੇਟ ਦਿੱਤੇ ਜਾਣਗੇ।

੯. ਪ੍ਰਾਸਪੈਕਟਸ (ਫਾਰਮ, ਸਿਲੇਬਸ, ਨਿਯਮ ਆਦਿ) ੨ ਰੁ: ਮਨੀ ਆਰਡਰ ਜਾਂ ਡਾਕ ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਓ।

## ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਖੋਜ ਭਰਪੂਰ ਲੇਖਾਂ ਰਾਹੀਂ, ਨਿਰੋਲ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਨ ਵਾਲਾ ਮੇਗਜ਼ੀਨ

**ਸਿੱਖ ਫੁਲਵਾੜੀ**

ਇੱਕ ਕਾਪੀ – ੪ ਰੁ:

ਸਲਾਨਾ ਚੰਦਾ – ੪੦ ਰੁ: ਦੇਸ਼, ੩੫੦ ਰੁ: ਬਿਦੇਸ਼

ਲਾਈਫ ਮੈਂਬਰਸ਼ਿਪ ੪੦੦ ਰੁ: ਦੇਸ਼, ੩੫੦੦ ਰੁ: ਬਿਦੇਸ਼

ਚੰਦਾ ਭੇਜਣ ਦਾ ਪਤਾ :

**ਸਿੱਖ ਮਿਸ਼ਨਰੀ ਕਾਲਜ (ਰਜਿ:)**

੧੦੫੧, ਕੂਚਾ ੧੪, ਫੀਲਡ ਗੰਜ, ਲੁਧਿਆਣਾ–੮


# 1. ਭਾਈ ਤਿਲਕਾ ਜੀ

ਗੁਰਮਤਿ ਦੇ ਪ੍ਰਕਾਸ਼ ਨੇ ਜਿਥੇ ਮਨੁੱਖੀ ਜੀਵ ਦੇ ਅਧਿਆਤਮਕ, ਧਾਰਮਕ, ਸਮਾਜਕ ਆਦਿਕ ਖੇਤਰਾਂ ਵਿਚ ਇ ਕਲਾਬ ਲਿਆਂਦਾ ਉਥੇ ਮਨੁੱਖ ਦੀ ਸੋਚਣੀ ਨੂੰ ਬਦਲ ਕੇ ਰੱਖ ਦਿੱਤਾ ਅਤੇ ਉਸਦੀ ਬੁਧ-ਬਿਬੇਕ ਵਿਚ ਵੀ ਬਿਰਧੀ ਕੀਤੀ। ਜੋ ਮਨੁੱਖ ਸੁਰਗ ਦੀ ਭਾਲ ਵਿਚ ਆਪਣੇ ਧਾਰਮਕ ਆਗੂ ਦੇ ਕਹੇ ਅਠਾਹਠ ਤੀਰਥਾਂ ਦਾ ਰਟਨ ਕਰ ਰਿਹਾ ਸੀ, ਬਨ੍ਹਾਰਸ ਵਿਖੇ ਆਰੇ (ਕਰਵਤ੍) ਨਾਲ ਸਰੀਰ ਦੋਫਾੜ ਕਰਾਕੇ ਸਵੱਰਗ ਦੀ ਆਸ ਲਾਈ ਬੈਠਾ ਸੀ, ਜਾਂ ਇਹ ਕਹਿ ਰਿਹਾ ਸੀ ਕਿ ਮੁਸਲਮਾਨੀ ਸ਼ਰਹ ਧਾਰਨ ਕਰਨ ਨਾਲ ਹੀ ਬਹਿਸ਼ਤ ਮਿਲ ਸਕਦਾ ਹੈ, ਜਾਂ ਜੋਗ-ਮੱਤ ਦੇ ਆਸਨ ਲਗਾ ਕੇ ਅਤੇ ਸਾਹ ਥਲੇ-ਉਤੇ ਚੜ੍ਹਾ ਕੇ ਹੀ ਅਕਾਲਪੁਰਖ ਦੇ ਦਰਸ਼ਨ ਕਰਨ ਦੀ ਵਿਅਰਥ ਘਾਲਣਾ ਘਾਲ ਰਿਹਾ ਸੀ, ਜਾਂ ਜੈਨੀਆਂ ਬੋਧੀਆਂ ਦੀ ਤਰ੍ਹਾਂ ਨੰਗੇ ਫਿਰਨ, ਮੈਲੇ-ਕੁਚੈਲੇ ਰਹਿਣ ਤੇ ਗੰਦ-ਮੰਦ ਖਾਣ ਵਿਚ ਹੀ ਜੀਵਨ ਦੀ ਸਫਲਤਾ ਸਮਝਦਾ ਸੀ, ਉਹ ਹੁਣ ਗੱਜ-ਵੱਜਕੇ ਕਹਿਣ ਲਗ ਪਿਆ :

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥ (੨੯੦)**
**ਤਹਾ ਬੈਕੁੰਠ ਜਹ ਕੀਰਤਨ ਤੇਰਾ, ਤੂੰ ਆਪੇ ਸਰਧਾ ਲਾਇਹਿ ॥ (੭੪੯)**

ਇਹ ਹਾਲਾਤ ਵੇਖ ਕੇ ਕਰਮ-ਕਾਂਡੀ, ਅਖੌਤੀ ਧਾਰਮਕ ਆਗੂ ਪਿੱਟ ਉਠੇ। ਉਹਨਾਂ ਨੇ ਭਾਂਤ-ਭਾਂਤ ਦੇ ਪ੍ਰਪੰਚੀ ਸ਼ੋਸ਼ੇ (ਪਖੰਡ) ਛੱਡ ਕੇ ਲੋਕਾਈ ਨੂੰ ਕੁਰਾਹੇ ਪਾਉਣ ਦੇ ਜਤਨ ਕੀਤੇ। ਪਰ ਸੂਝ-ਬੂਝ ਵਾਲੇ ਗੁਰੂ ਦੇ ਸਿੱਖਾਂ ਨੂੰ ਉਹ ਚੁੰਗਲ ਵਿਚ ਨਾ ਫਸਾ ਸਕੇ।

ਸਾਡੇ ਸਿੱਖ ਬਜ਼ੁਰਗਾਂ ਨੇ ਕਿਵੇਂ ਔਕੜਾਂ ਸਹਿਕੇ ਗੁਰਮਤਿ ਦੇ ਅਸੂਲਾਂ ਉਤੇ ਪਹਿਰਾ ਦਿੱਤਾ, ਐਸੀਆਂ ਹਜ਼ਾਰਾਂ ਹੀ ਹਸਤੀਆਂ ਵਿਚੋਂ ਇਕ ਹਸਤੀ 'ਭਾਈ ਤਿਲਕਾ ਜੀ' ਦੀ ਹੈ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਇਕ ਗੁਰਸਿੱਖ ਭਾਈ ਤਿਲਕਾ ਜੀ ਨਾਮ-ਬਾਣੀ ਨਾਲ ਰੱਤਿਆ, ਮਿੱਠ ਬੋਲੜਾ, ਗਿਆਨਵਾਨ ਅਤੇ ਦ੍ਰਿੜ ਇਰਾਦੇ ਤੇ ਸਰੀਰਕ ਬਲ ਦਾ ਮਾਲਕ ਸੀ। ਉਹ ਗੜ੍ਹਸ਼ੰਕਰ (ਜ਼ਿਲਾ ਹੁਸ਼ਿਆਰਪੁਰ) ਦਾ ਵਾਸੀ ਸੀ। ਆਪ ਨੇ ਪੰਜਵੇਂ ਪਾਤਸ਼ਾਹ ਜੀ ਪਾਸੋਂ ਅੰਮ੍ਰਿਤ (ਚਰਨ ਪਾਹੁਲ) ਪਾਨ ਕਰ ਕੇ ਸਿੱਖੀ ਧਾਰਣ ਕੀਤੀ। ਛੇਵੇਂ ਪਾਤਸ਼ਾਹ ਨੇ ਭਾਈ ਜੀ ਨੂੰ ਜ਼ਿਲਾ ਹੁਸ਼ਿਆਰਪੁਰ ਦਾ ਪ੍ਰਚਾਰਕ ਥਾਪਿਆ। ਕਸਬੇ ਦੇ ਲੋਕ ਭਾਈ ਸਾਹਿਬ ਦੇ ਜੀਵਨ ਤੋਂ ਬਹੁਤ ਪ੍ਰਭਾਵਤ ਸਨ। ਉਥੇ ਇਕ ਚੰਗੀ ਵੱਡੀ ਉਮਰ ਦੇ ਜੋਗੀ ਦਾ ਡੇਰਾ ਸੀ। ਜਿਉਂ ਜਿਉਂ ਭਾਈ ਸਾਹਿਬ ਗੁਰਮਤਿ ਦਾ ਪ੍ਰਚਾਰ ਕਰਦੇ ਸਨ, ਸਿੱਖੀ ਵਿਚ ਵਾਧਾ ਹੁੰਦਾ ਜਾ ਰਿਹਾ ਸੀ ਤੇ ਹੌਲੀ ਹੌਲੀ ਜੋਗੀ ਦੀ ਪ੍ਰਤਿਸ਼ਟਾ ਘਟਦੀ ਜਾਂਦੀ ਸੀ। ਜੋਗੀ ਹਮੇਸ਼ਾਂ ਹੀ ਈਰਖਾ ਵਿਚ ਲੁਝਦਾ-ਸੜਦਾ ਰਹਿੰਦਾ ਸੀ। ਲੋਕਾਂ ਉਤੇ ਪ੍ਰਭਾਵ ਕਾਇਮ ਰੱਖਣ ਲਈ ਕਈ ਜਤਨ ਕਰ ਰਿਹਾ ਸੀ ਪਰ ਗੁਰਮਤਿ ਮਾਰਗ ਅੱਗੇ ਉਸ ਦੇ ਧਾਰਮਕ ਪਖੰਡਾਂ ਦੀ ਪੇਸ਼ ਨਹੀਂ ਸੀ ਜਾ ਰਹੀ।

ਇਕ ਦਿਨ ਜੋਗੀ ਨੇ ਇਕ ਨਵਾਂ ਪ੍ਰਪੰਚ ਰਚਿਆ। ਉਸਨੇ ਆਪਣੇ ਚੇਲਿਆਂ (ਏਜੰਟਾਂ) ਰਾਹੀਂ ਇਹ ਧੁੰਮ ਫੈਲਾ ਦਿੱਤੀ ਕਿ ਜੋਗੀ ਨੂੰ ਰਾਤ੍ਰੀਂ ਸ਼ਿਵਜੀ ਨੇ ਦਰਸ਼ਨ ਦਿਤੇ

ਹਨ ਅਤੇ ਵਰਦਾਨ ਦਿੱਤਾ ਹੈ ਕਿ ਜੋ ਪ੍ਰਾਣੀ ਉਸਦੇ (ਜੋਗੀ ਦੇ) ਦਰਸ਼ਨ ਕਰੇਗਾ, ਇਕ ਸਾਲ ਲਈ ਸਵੱਰਗ ਪ੍ਰਾਪਤ ਕਰੇਗਾ। ਸਾਰੇ ਇਲਾਕੇ ਵਿਚ ਧੁੰਮ ਪੈ ਗਈ। ਵਿਚਾਰੇ ਭੋਲੇ ਭਾਲੇ, ਗਿਆਨ-ਵਿਹੂਣੇ ਲੋਕ ਇਨਾਂ ਏਜੰਟਾਂ ਦੇ ਘੜੇ ਚੜ੍ਹਕੇ ਪਖੰਡੀ ਦੇ ਜਾਲ ਵਿਚ ਫਸਣ ਲਗੇ ਤੇ ਜੋਗੀ ਦੇ ਦਰਸ਼ਨਾਂ ਲਈ ਭਾਰੀ ਗਿਣਤੀ ਵਿਚ ਉਸਦੇ ਡੇਰੇ ਆਉਣ ਲਗ ਪਏ। ਇਸ ਤਰ੍ਹਾਂ ਜੋਗੀ ਨੂੰ ਭੇਟਾ ਵੀ ਕਾਫ਼ੀ ਆਉਣੀ ਸ਼ੁਰੂ ਹੋ ਗਈ।

ਭਾਈ ਤਿਲਕਾ ਜੀ ਨੂੰ ਵੀ ਆਪਣੇ ਏਜੰਟ ਰਾਹੀਂ ਪ੍ਰੇਰਿਆ, ਪਰ ਭਾਈ ਸਾਹਿਬ ਨੇ ਉਨ੍ਹਾਂ ਦੀ ਇਕ ਨਾ ਸੁਣੀ। ਜੋਗੀ ਨੇ ਫਿਰ ਸੁਨੇਹਾ ਭੇਜਿਆ ਕਿ ਭਾਈ ਸਾਹਿਬ ਤੁਸੀਂ ਦਰਸ਼ਨ ਕਰ ਲਵੋ, ਮੈਂ ਨਹੀਂ ਚਾਹੁੰਦਾ ਕਿ ਆਪ ਜੈਸੇ ਮਹਾਂਪੁਰਖ ਬੈਕੁੰਠ ਦੀ ਪ੍ਰਾਪਤੀ ਤੋਂ ਰਹਿ ਜਾਣ। ਪਰ ਭਾਈ ਜੀ ਨੇ ਕੋਈ ਪ੍ਰਵਾਹ ਨਾ ਕੀਤੀ ਉਨ੍ਹਾਂ ਨੂੰ ਪਤਾ ਸੀ ਕਿ ਅਸਲ ਗੱਲ ਤਾਂ ਇਹ ਹੈ ਕਿ ਜੋਗੀ, ਭਾਈ ਜੀ ਦੇ ਪ੍ਰਭਾਵ ਨੂੰ ਸੱਟ ਮਾਰਨਾ ਚਾਹੁੰਦਾ ਸੀ, ਤਾ ਜੋ ਗੁਰਮਤਿ ਪ੍ਰਚਾਰ ਬੰਦ ਹੋ ਜਾਵੇ ਤੇ ਲੋਕੀ ਉਸਦੇ ਚੱਕਰਾਂ ਵਿਚ ਫਸੇ ਰਹਿਣ। ਜੋਗੀ ਨੇ ਦੁਬਾਰਾ ਸੁਨੇਹਾ ਭੇਜਿਆ ਕਿ ਹੁਣ ਉਹ ਦੋ ਸਾਲਾਂ ਲਈ ਬੈਕੁੰਠ ਦਿਵਾਣ ਦਾ ਠੇਕਾ ਕਰ ਰਹੇ ਹਨ, ਪਰ ਭਾਈ ਸਾਹਿਬ ਤੇ ਇਸ ਦਾ ਕੋਈ ਅਸਰ ਨਾ ਹੋਇਆ। ਆਖਰ ਕਈ ਸੁਨੇਹੇ ਭੇਜਣ ਪਿਛੋਂ ਵੀ ਜਦੋਂ ਭਾਈ ਸਾਹਿਬ ਨ ਗਏ ਤਾਂ ਜੋਗੀ ਆਪ ਚਲਕੇ ਭਾਈ ਸਾਹਿਬ ਨੂੰ ਮਿਲਣ ਲਈ ਆਇਆ ਅਤੇ ਬਹੁਤ ਸਾਰੇ ਭੁੱਲੇ ਭਟਕੇ ਲੋਕ (ਜੋ ਉਸ ਦੇ ਚੁੰਗਲ ਵਿਚ ਨਵੇਂ ਨਵੇਂ ਹੀ ਫਸੇ ਸਨ) ਅਤੇ ਉਸਦੇ ਏਜੰਟ ਵੀ ਉਸਦੇ ਨਾਲ ਸਨ।

ਭਾਈ ਸਾਹਿਬ ਨੂੰ ਪਤਾ ਲੱਗਾ ਕਿ ਜੋਗੀ ਮੇਰੇ ਵੱਲ ਆ ਰਿਹਾ ਹੈ ਤਾਂ ਉਨ੍ਹਾਂ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਜੋਗੀ ਨੇ ਆ ਕੇ ਦਰਵਾਜ਼ਾ ਖੜਕਾਇਆ ਅਤੇ ਬਾਹਰੋਂ ਹੀ ਉੱਚੀ ਉੱਚੀ ਆਖਣ ਲੱਗਾ, "ਆਪ ਸੁਰਗ ਨੂੰ ਕਿਉਂ ਨਹੀਂ ਮਾਣਨਾ ਚਾਹੁੰਦੇ, ਮੈਂ ਤੁਹਾਡੇ ਪਰਉਪਕਾਰ ਲਈ ਆਪ ਹੀ ਚੱਲ ਕੇ ਆਇਆ ਹਾਂ।" ਪਰ ਭਾਈ ਸਾਹਿਬ ਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ, "ਮੈਂ ਤੇਰੇ ਵਰਗੇ ਪਖੰਡੀ ਤੇ ਦੁਸ਼ਟ ਦੀ ਸ਼ਕਲ ਵੇਖਣ ਨੂੰ ਵੀ ਤਿਆਰ ਨਹੀਂ। ਤੂੰ ਲੋਕਾਈ ਨੂੰ ਲੁਟ ਰਿਹਾ ਹੈਂ। ਇਹਨਾਂ ਪਖੰਡਾਂ ਦੁਆਰਾ ਸੁਰਗ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਸਾਡਾ ਨਿਸ਼ਾਨਾ ਸੁਰਗ ਪ੍ਰਾਪਤ ਕਰਨ ਦਾ ਹੈ। ਅਸੀਂ ਤਾਂ ਗੁਰੂ ਚਰਨਾਂ ਤੋਂ ਹਜ਼ਾਰਾਂ ਸੁਰਗ ਵਾਰ ਦਿੱਤੇ ਹਨ।"

ਇਹ ਬਚਨ ਸੁਣਕੇ, ਜੋਗੀ ਦੇ ਮਨ ਤੇ ਭਾਰੀ ਚੋਟ ਲੱਗੀ। ਜੋਗੀ ਬਹੁਤ ਨਿੰਮੋ-ਝੂਣਾ ਹੋਇਆ। ਉਹ ਇੰਨਾ ਪ੍ਰਭਾਵਤ ਹੋਇਆ ਕਿ ਸੋਚਣ ਲੱਗ ਪਿਆ ਕਿ ਐਸੇ ਸਿੱਖ ਵੀ ਹਨ ਜੋ ਗੁਰੂ ਦੇ ਬਚਨਾਂ ਨੂੰ ਸੁਰਗ ਤੋਂ ਵੀ ਉੱਤਮ ਸਮਝਦੇ ਹਨ। ਇਹਨਾਂ ਦਾ ਗੁਰੂ ਕਿੰਨੀ ਉੱਚੀ ਪਦਵੀ ਦਾ ਮਾਲਕ ਹੋਵੇਗਾ, ਜਿਸ ਨੇ ਸਾਡੇ ਲੋਕਾਂ ਦੇ ਪਾਏ ਭੁਲੇਖੇ ਦੂਰ ਕਰਕੇ ਮਨੁੱਖਤਾ ਨੂੰ ਇੰਨਾ ਉੱਤੇ ਚੁਕ ਦਿੱਤਾ ਹੈ।

ਕਈ ਵਾਰੀ ਬੇਨਤੀ ਕਰਨ ਤੇ ਵੀ ਜਦ ਭਾਈ ਸਾਹਿਬ ਨੇ ਦਰਵਾਜ਼ਾ ਨਾ ਖੋਲ੍ਹਿਆ ਤਾਂ ਅੰਤ ਨੂੰ ਹਾਰ ਕੇ ਜੋਗੀ ਨੇ ਗੁਰੂ ਸਾਹਿਬ ਦਾ ਵਾਸਤਾ ਪਾਇਆ ਤੇ ਬੇਨਤੀ ਕੀਤੀ ਕਿ



ਮੈਂ ਵੀ ਉਸ ਮਹਾਨ ਸਖਸ਼ੀਅਤ ਵਾਲੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਜਿਸਨੇ ਤੁਹਾਨੂੰ ਇੰਨਾ ਉੱਚਾ ਜੀਵਨ ਬਖਸ਼ਿਆ ਹੈ। ਇਹ ਸੁਣ ਕੇ ਗੁਰੂ ਕੇ ਸਿੱਖ ਨੇ ਦਰਵਾਜ਼ਾ ਖੋਲ੍ਹਿਆ। ਜੋਗੀ ਨੇ ਪੁਛਿਆ, "ਭਾਈ ਸਾਹਿਬ ! ਆਪ ਜੀ ਵਿਚ ਐਸੀ ਦ੍ਰਿੜਤਾ ਕਿਵੇਂ ਪੈਦਾ ਹੋਈ। ਆਪ ਜੀ ਨੂੰ ਕਿਵੇਂ ਪਤਾ ਲੱਗਾ ਕਿ ਮੈਂ ਲੋਕਾਈ ਨੂੰ ਠੱਗ ਰਿਹਾ ਹਾਂ ? ਮੈਂ ਲੋਕਾਈ ਨੂੰ ਕੁਰਾਹੇ ਪਾ ਕੇ ਆਪਣਾ ਮਾਣ ਵਧਾ ਰਿਹਾ ਹਾਂ ? ਦੁਨੀਆਂ ਸਵਰਗ ਲਈ ਤਰਲੇ ਲੈਂਦੀ ਹੈ ਪਰ ਤੁਸੀਂ ਸਵਰਗ ਦੀ ਪ੍ਰਵਾਹ ਤਕ ਕਿਉਂ ਨਹੀਂ ਕਰਦੇ ?" ਜਦ ਉਹ ਇਹੋ ਜਿਹੀਆਂ ਗੱਲਾਂ ਕਰ ਚੁਕਾ ਤਾਂ ਭਾਈ ਸਾਹਿਬ ਨੇ ਕਿਹਾ, "ਹੇ ਭਾਈ, ਮੈਂ ਪੂਰਨ ਗੁਰੂ ਦਾ ਸਿੱਖ ਹਾਂ। ਦੁਨੀਆਂ ਨੂੰ ਧੋਖਾ ਦੇਣਾ ਅਕਾਲਪੁਰਖ ਨੂੰ ਧੋਖਾ ਦੇਣਾ ਹੈ। ਇਹਨਾਂ ਕਰਤੂਤਾਂ ਨਾਲ ਅਕਾਲਪੁਰਖ ਖੁਸ਼ ਨਹੀਂ ਹੁੰਦਾ। ਉਸਨੂੰ ਖੁਸ਼ ਕਰਨ ਜਾਂ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਦਾ ਢੰਗ ਉਸ ਅਕਾਲਪੁਰਖ ਦੀ ਬਣਾਈ ਹੋਈ ਦੁਨੀਆਂ ਦੀ ਸੇਵਾ ਕਰਨਾ ਹੈ— ਮਨੁਖ ਮਾਤਰ ਨਾਲ ਪਿਆਰ ਕਰਨਾ ਹੈ। ਅਸਲੀ ਇਨਸਾਨ ਬਣਨਾ ਹੀ ਧਰਮ ਹੈ। ਲੰਮੀ ਉਮਰ ਕਰ ਕੇ ਤੇ ਲੋਕਾਂ ਨੂੰ ਕਰਾਮਾਤਾਂ ਵਿਖਾ ਕੇ ਕਦੀ ਵੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ, ਹਾਂ, ਹਉਮੈ ਜ਼ਰੂਰ ਵਧਦੀ ਹੈ।"

ਭਾਈ ਸਾਹਿਬ ਨੇ ਉਸਨੂੰ ਸਵਰਗ ਬਾਰੇ ਵੀ ਇਹ ਗੁਰਮਤ ਦੇ ਵਿਚਾਰ ਦੱਸ ਦਿਤੇ। ਉਹਨਾਂ ਦਸਿਆ ਕਿ ਮੇਰੇ ਗੁਰਦੇਵ ਨੇ ਤਾਂ ਸਾਨੂੰ ਦ੍ਰਿੜ ਕਰਵਾਇਆ ਹੈ :

ਭਿਸਤੁ, ਨਜੀਕਿ ਰਾਖੁ ਰਹਿਮਾਨਾ ॥

[ਹੇ ਅਕਾਲਪੁਰਖ ਮੈਨੂੰ ਆਪਣੇ ਨੇੜੇ ਰੱਖ, ਮੇਰੇ ਲਈ ਇਹੋ ਹੀ ਸਵਰਗ (ਬਹਿਸ਼ਤ) ਹੈ।

ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥
ਮੁਕਤ ਪਦਾਰਥ ਸਾਧੂ ਸੰਗਤਿ ਅੰਮ੍ਰਿਤ ਹਰਿ ਕਾ ਨਾਉ ॥
(ਸਾਰੰਗ ਮ: ੫-੧੨੨੦)

[ਹੇ ਭਾਈ ! ਮੈਂ ਤਾਂ ਸਦਾ ਪ੍ਰਮਾਤਮਾ ਦੇ ਚਰਨਾਂ ਦਾਂ ਧਿਆਨ ਧਰਦਾ ਹਾਂ-ਇਹੀ ਮੇਰੇ ਲਈ ਬੈਕੁੰਠ ਹੈ। ਗੁਰੂ ਦੀ ਸੰਗਤਿ ਵਿਚ ਟਿਕੇ ਰਹਿਣਾ-ਮੇਰੇ ਵਾਸਤੇ ਚੌਹਾਂ ਪਦਾਰਥਾਂ ਵਿਚੋਂ ਸ਼੍ਰੇਸ਼ਟ ਮੁਕਤੀ-ਪਦਾਰਥ ਹੈ। ਪ੍ਰਮਾਤਮਾ ਦਾ ਨਾਮ ਹੀ ਮੇਰੇ ਲਈ ਆਤਮਕ ਜੀਵਨ ਦੇਣ ਵਾਲਾ ਹੈ।]

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪ੍ਰਸਾਦੇ ॥
(ਰਾਮਕਲੀ ਕਬੀਰ ਜੀ-੯੬੯)

(ਨਰਕ ਕੀਹ ਤੇ ਵਿਚਾਰਾ ਸੁਰਗ ਕੀਹ ? ਗੁਰਸਿੱਖਾਂ ਨੇ ਦੋਵੇਂ ਹੀ ਰੱਦ ਕਰ ਦਿਤੇ ਹਨ, ਕਿਉਂਕਿ ਗੁਰਸਿੱਖ ਆਪਣੇ ਗੁਰੂ ਦੀ ਕਿਰਪਾ ਨਾਲ ਸੁਰਗ ਤੇ ਨਰਕ ਕਿਸੇ ਦੇ ਭੀ ਮੁਥਾਜ ਨਹੀਂ ਹਨ।)

ਇਸ ਲਈ ਹੇ ਜੋਗੀ ! ਸਾਡੇ ਲਈ ਕੇਵਲ ਦਿਲੋਂ ਮਨੋਂ ਇਕ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਪ੍ਰਭੂ ਚਰਨਾਂ ਵਿਚ ਜੁੜੇ ਰਹਿਣਾ ਹੀ ਸਵਰਗ ਹੈ। ਗੁਰੂ ਕੇ ਸਿੱਖ ਨ ਨਰਕ ਤੇ

ਨਾ ਹੀ ਸਵਰਗ ਦੀ ਪ੍ਰਵਾਹ ਕਰਦੇ ਹਨ। ਉਹਨਾਂ ਲਈ ਗੁਰੂ-ਸ਼ਬਦ ਦੀ ਅਗਵਾਈ ਵਿਚ ਚਲਦਿਆਂ ਸਭ ਕੁਝ ਪ੍ਰਾਪਤ ਹੁੰਦਾ ਹੈ; ਉਹਦੀ ਰਜ਼ਾ ਵਿਚ ਰਹਿਣ ਨਾਲ ਹੀ ਸ਼ਾਂਤੀ ਤੇ ਸੰਤੋਖ ਮਿਲਦਾ ਹੈ, ਅਤੇ ਸਾਡੇ ਲਈ ਉਹ ਹੀ ਸੁਰਗ ਹੈ।

ਭਾਈ ਸਾਹਿਬ ਦੇ ਮਨੋਹਰ ਬਚਨ ਸੁਣਕੇ ਜੋਗੀ ਬਹੁਤ ਪ੍ਰਭਾਵਤ ਹੋਇਆ। ਉਸਨੇ ਬੇਨਤੀ ਕੀਤੀ ਕਿ ਮੈਨੂੰ ਵੀ ਆਪਣੇ ਪੂਰਨ ਗੁਰੂ ਦੇ ਦਰਸ਼ਨ ਕਰਵਾਓ।

ਭਾਈ ਸਾਹਿਬ ਇਲਾਕੇ ਦੀਆਂ ਹੋਰ ਸੰਗਤਾਂ ਅਤੇ ਜੋਗੀ ਨੂੰ ਨਾਲ ਲੈ ਕੇ ਗੁਰ ਦਰਬਾਰ ਵਿਚ ਆਏ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਆਯੂ ਨੂੰ ਵੇਖ ਕੇ ਜੋਗੀ ਦੇ ਮਨ ਵਿਚ ਸ਼ੰਕਾ ਉਤਪੰਨ ਹੋਇਆ ਕਿ ਇਕ ਨੌਜਵਾਨ, ਗ੍ਰਹਿਸਤੀ ਤੇ ਫੌਜਾਂ ਦਾ ਮਾਲਕ, ਅਧਿਆਤਮਕ ਗੁਰੂ ਕਿਵੇਂ ਹੋ ਸਕਦਾ ਹੈ। ਗੁਰੂ ਸਾਹਿਬ ਤੋਂ ਪੁੱਛਣ ਲੱਗਾ, "ਅਸੀਂ ਜੋਗੀ ਲੋਕ ਬੜੀ ਲੰਮੀ ਉਮਰ ਵਾਲੇ ਹੁੰਦੇ ਹਾਂ, ਵੱਡੀਆਂ ਸਾਧਨਾਂ ਕਰਦੇ ਹਾਂ ਤੇ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਪ੍ਰਭਾਵਤ ਕਰਦੇ ਹਾਂ, ਪਰ ਤੁਹਾਨੂੰ ਤਾਂ ਇਸ ਜਵਾਨੀ ਦੀ ਉਮਰੇ ਹੀ ਸਿੱਖ ਮੱਥਾ ਟੇਕਦੇ ਹਨ। ਇਸਦਾ ਕੀ ਰਾਜ਼ ਹੈ?" ਸਤਿਗੁਰੂ ਜੀ ਨੇ ਜੋਗੀ ਨੂੰ ਗੁਰਮਤਿ ਗਿਆਨ ਦੀ ਸੋਝੀ ਕਰਵਾਈ ਅਤੇ ਮਨੁੱਖਾ ਜੀਵਨ ਦਾ ਮਨੋਰਥ ਸਮਝਾਇਆ। ਜੋਗੀ ਬਹੁਤ ਪ੍ਰਭਾਵਤ ਹੋਇਆ ਤੇ ਉਸਨੇ ਮਹਿਸੂਸ ਕੀਤਾ ਕਿ ਵਾਕਿਆ ਹੀ ਗੁਰੂ ਸਾਹਿਬ ਪੂਰਨ ਗੁਰੂ ਹਨ ਤੇ ਅਸਾਂ ਜੋਗੀ ਲੋਕਾਂ ਨੇ ਆਪਣਾ ਜੀਵਨ ਐਵੇਂ ਵਿਅਰਥ ਗਵਾਇਆ ਹੈ।

ਸਤਿਗੁਰੂ ਜੀ ਨੇ ਜੋਗੀ ਨੂੰ ਸਮਝਾਇਆ।

ਜੋਗੁ ਨਾ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ ॥
ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨਾ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ ॥

(ਸੂਹੀ ਮ: ੧ ਪੰਨਾ ੭੩੦)

(ਖਿੰਥਾ—ਗੋਦੜੀ। ਚੜਾਈਐ—ਸਰੀਰ ਉਤੇ ਮਲ ਲਈਏ। ਮੁੰਦੀ—ਕੰਨਾਂ ਵਿਚ ਮੁੰਦਰਾਂ ਪਾਉਣ ਨਾਲ। ਮੂੰਡ - ਸਿਰ : ਸਿੰਙੀ—ਜੋਗੀਆਂ ਦੀ 'ਤੂਰੀ' ਜੋ ਸਿੰਗ ਦੀ ਬਣੀ ਹੁੰਦੀ ਹੈ। ਵਾਈਐ—ਜੇ ਵਜਾਈਏ। ਮੜ੍ਹੀ—ਮੜ੍ਹੀਆਂ। ਮਸਾਣ—ਸ਼ਮਸ਼ਾਨ ਘਾਟ। ਤਾੜੀ—ਸਮਾਧੀ।)

ਗੁਰੂ ਸਾਹਿਬ ਨੇ ਦਰਸਾਇਆ ਕਿ ਇਨ੍ਹਾਂ ਉਪਰੋਕਤ ਕਿਰਿਆਵਾਂ ਕਰਨ ਨਾਲ ਵਾਹਿਗੁਰੂ ਨਹੀਂ ਮਿਲਦਾ ਸਗੋਂ ਗੁਰੂ ਦੀ ਸ਼ਰਨ ਵਿਚ ਆਉਣ ਮਗਰੋਂ ਉਸਦੀ ਸੋਝੀ ਹੁੰਦੀ ਹੈ :—

ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ, ਜੋਗੁ ਜੁਗਤਿ ਇਵ ਪਾਈਐ ॥

(ਸੂਹੀ ਮ:੧—ਪੰਨਾ ੭੩੦)

(ਭੇਟੈ ਮਿਲੇ। ਸਹਸਾ—ਡਰ ਸਹਿਮ। ਧਾਵਤੁ—ਭਟਕਦਾ ਹੋਇਆ। ਵਰਜਿ—ਵਰਜ ਕੇ, ਰੋਕਕੇ। ਰਹਾਈਐ—ਰੋਕ ਲਈਦਾ ਹੈ। ਨਿਝਰੁ—ਚਸ਼ਮਾ। ਝਰੈ—ਚਲ ਪੈਂਦਾ ਹੈ, ਵਹਿਣ ਲੱਗ ਪੈਂਦਾ ਹੈ। ਸਹਜ ਅਡੋਲ ਅਵੱਸਥਾ। ਧੁਨਿ—ਲਗਨ, ਰੌ। ਘਰਿ ਹੀ—ਹਿਰਦੇ ਵਿਚ ਹੀ। ਪਰਚਾ ਪ੍ਰੀਤੀ, ਸਾਂਝ, ਜਾਣ-ਪਛਾਣ। ਅੰਜਨ—ਮਾਇਆ ਦੇ ਮੋਹ ਦੀ ਕਾਲਖ। ਨਿਰੰਜਨਿ ਨਿਰੰਜਨ ਵਿਚ, ਉਸ ਪ੍ਰਮਾਤਮਾ ਵਿਚ, ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ।)

ਜੋਗੀ, ਸਤਿਗੁਰੂ ਜੀ ਤੋਂ ਗੁਰਮਤਿ ਗਿਆਨ ਪ੍ਰਾਪਤ ਕਰਕੇ ਵਾਪਸ ਗੜ੍ਹਸ਼ੰਕਰ ਆਇਆ। ਪਹਿਲਾਂ ਜਿਥੇ ਉਹ ਲੁਕਾਈ ਨੂੰ ਕੁਰਾਹੇ ਪਾ ਕੇ ਲੁਟ ਰਿਹਾ ਸੀ, ਹੁਣ ਲੋਕਾਂ ਨੂੰ ਗੁਰੂ ਨਾਲ ਜੋੜਨ ਲਗ ਪਿਆ ਤੇ ਉਸਨੇ ਸਚ-ਧਰਮ ਦੇ ਪ੍ਰਚਾਰ ਦਾ ਕੰਮ ਸੰਭਾਲਿਆ।

ਅਜ ਫਿਰ ਗੁਰਮਤਿ ਪ੍ਰਚਾਰ ਦੀ ਵੱਡੀ ਘਾਟ ਦਾ ਲਾਭ ਉਠਾਕੇ ਕੁਝ ਸੰਤ ਸਾਧ ਤੇ 'ਜੋਗੀ' ਜੋਗ-ਮਤ ਕ੍ਰਿਰਿਆਵਾਂ ਕਰਵਾ ਕੇ ਅਕਾਲ ਪੁਰਖ ਨਾਲ ਜੁੜਨ ਦਾ ਪੱਜ ਕਰ ਰਹੇ ਹਨ। ਉਹ ਲੋਕ ਚੇਲਿਆਂ ਤੋਂ ਸਾਹ ਉਤੇ ਥਲੇ ਕਰਵਾ ਕੇ ਆਸਨ ਲਗਵਾ ਕੇ ਧਿਆਨ ਧੂਨੀ ਉਤੇ ਟਿਕਾ ਕੇ ਜਾਂ ਨੱਕ, ਕੰਨ ਬੰਦ ਕਰਵਾਕੇ, ਤੇ ਰੀੜ ਦੀ ਹੱਡੀ ਨੂੰ ਸਿਧਾ ਰੱਖਕੇ ਸਿਮਰਨ ਦੀਆਂ ਜੁਗਤੀਆਂ ਦੱਸ ਰਹੇ ਹਨ। ਇਨ੍ਹਾਂ ਆਸਨਾਂ ਦੁਆਰਾ ਸਿਹਤ ਨੂੰ ਤਾਂ ਕੁਝ ਲਾਭ ਹੋ ਸਕਦਾ ਹੈ ਪਰ ਅਕਾਲਪੁਰਖ ਨਾਲ ਜੁੜਨ ਦਾ ਇਹ ਢੰਗ ਗੁਰਮਤਿ ਸਵੀਕਾਰ ਨਹੀਂ ਕਰਦੀ। ਗੁਰਮਤਿ ਵਿਚ ਕੇਵਲ ਸਹਿਜ ਮਾਰਗ ਤੋਂ ਉਪਜੀ ਪ੍ਰਭੂ-ਪ੍ਰੀਤ ਹੀ ਪ੍ਰਵਾਨ ਹੈ।

—o—

## 2. ਭਾਈ ਮਤੀ ਦਾਸ ਜੀ

ਦਿੱਲੀ ਵਿਚ ਗੁਰਦੁਆਰਾ ਸੀਸ ਗੰਜ ਦੇ ਸਾਹਮਣੇ ਵੱਡੇ ਚੁਹਾਰੇ (ਚਾਂਦਨੀ ਚੌਂਕ-ਭਾਈ ਮਤੀ ਦਾਸ ਚੌਂਕ) ਵਾਲੀ ਥਾਂ ਇਕ ਸਿੱਖ ਸ਼ਹੀਦ ਦੇ ਖੂਨ ਨਾਲ ਰੰਗੀ ਹੋਣ ਦਾ ਮਾਨ ਕਰਦੀ ਹੈ। ਇਸ ਥਾਂ ਤੇ ਮਹਾਨ ਵਿਅਕਤੀ, ਦੁਖ ਸੁਖ ਤੋਂ ਉਪਰ ਉਠੇ, ਅਨੰਦ ਅਵਸਥਾ ਦੇ ਮਾਲਕ, ਭਾਈ ਮਤੀ ਦਾਸ ਜੀ ਨੂੰ ਮੁਗ਼ਲ ਸਰਕਾਰ ਨੇ ਕਾਜ਼ੀਆਂ ਦੇ ਹੁਕਮ ਨਾਲ ਸ਼ਹੀਦ ਕੀਤਾ ਸੀ। ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਆਰਾ ਸੀਸ ਤੇ ਰੱਖਕੇ ਇਉਂ ਚੀਰਿਆ ਗਿਆ ਜਿਵੇਂ ਮੋਛੇ (ਲਕੜ) ਨੂੰ ਦੋ ਫਾੜ ਕੀਤਾ ਜਾਂਦਾ ਹੈ। ਭਾਈ ਸਾਹਿਬ ਨੇ ਅਡੋਲ ਅਵਸਥਾ ਵਿਚ ਉਸ ਸਮੇਂ ਤਕ ਬਿਰਤੀ ਨੂੰ ਟਿਕਾਈ ਰਖਿਆ ਜਦ ਤਕ ਕਿ ਆਰੇ ਨੇ ਦੋ ਫਾੜ ਨਹੀਂ ਕਰ ਦਿੱਤਾ ਤੇ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ। ਦੁਨੀਆਂ ਦਾ ਇਤਿਹਾਸ ਇਸ ਤਰ੍ਹਾਂ ਦੇ ਬੇ-ਮਿਸਾਲ ਸ਼ਹੀਦ ਨਹੀਂ ਕਰ ਸਕਿਆ।

ਭਾਈ ਸਾਹਿਬ ਦਾ ਜਨਮ ਪਿੰਡ ਕਰਿਆਲਾ ਜੋ ਚਕਵਾਲ ਤੋਂ ਛੇ ਮੀਲ ਦੂਰ ਕਟਾਸ ਰਾਜ ਵਾਲੀ ਸੜਕ ਤੇ ਜ਼ਿਲਾ ਜਿਹਲਮ (ਪਛਮੀ ਪੰਜਾਬ) ਵਿਚ ਹੈ, ਭਾਈ ਪਰਾਗਾ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਦਾਦੇ ਭਾਈ ਗੌਤਮ ਦਾਸ, ਜੋ ਕਿ ਮਹਾਤਮਾ ਕਰਕੇ ਪ੍ਰਸਿਧ

ਵਿਚ ਪ੍ਰਸਿੱਧ ਸਨ ਪਾਸੋਂ ਗੁਰਮਤਿ ਗਿਆਨ ਪ੍ਰਾਪਤ ਕਰਨ ਲਈ ਲੋਕ ਦੂਰੋਂ ਦੂਰੋਂ ਚਲ ਕੇ ਆਉਂਦੇ ਸਨ। ਭਾਈ ਗੌਤਮ ਦਾਸ ਜੀ ਨੇ ਗੁਰੂ ਅਰਜਨ ਸਾਹਿਬ ਸਮੇਂ ਗੁਰਮਤਿ ਧਾਰਨ ਕੀਤੀ ਸੀ। ਭਾਈ ਪਰਾਗਾ ਉਨ੍ਹਾਂ ਦੇ ਇਕਲੌਤੇ ਸਪੁੱਤਰ ਸਨ, ਜੋ ਬਹੁਤ ਦਲੇਰ ਤੇ ਪਹਿਲਵਾਨ ਸਨ। ਪਿੰਡ ਵਿਚ ਹੀ ਨਹੀਂ ਬਲਕਿ ਸਾਰੇ ਇਲਾਕੇ ਵਿਚ ਇਹਨਾਂ ਦੇ ਮੁਕਾਬਲੇ ਦਾ ਕੋਈ ਮੁਸ਼ਕੀਟ ਨਹੀਂ ਸੀ। ਜਦੋਂ ਗੁਰੂ ਹਰਗੋਬਿੰਦ ਜੀ ਨੇ ਬਕਾਇਦਾ ਫੌਜ ਰੱਖਣ ਦਾ ਐਲਾਨ ਕੀਤਾ ਤਾਂ ਭਾਈ ਪਰਾਗਾ ਜੀ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਆਪਣੀ ਸੇਵਾ ਅਰਪਣ ਕੀਤੀ। ਗੁਰੂ ਸਾਹਿਬ ਨੇ ਸੋਹਣਾ ਜਵਾਨ ਤੇ ਯੋਗ ਜਾਣ ਕੇ ਇਕ ਦਸਤੇ ਦਾ ਜਥੇਦਾਰ ਨੀਅਤ ਕੀਤਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਮੁਗਲਾਂ ਨਾਲ ਦੂਜੀ ਲੜਾਈ ਵਿਚ ਭਾਈ ਪਰਾਗਾ ਨੇ ਜੋ ਜੌਹਰ ਦਿਖਾਏ, ਉਹਨਾਂ ਸਦਕਾ ਇਤਿਹਾਸ ਵਿਚ ਉਨ੍ਹਾਂ ਦਾ ਨਾਮ ਸਦਾ ਚਮਕਦਾ ਰਹੇਗਾ।

ਭਾਈ ਮਤੀ ਦਾਸ ਜੀ ਆਪਣੇ ਪਿਤਾ ਪਿਤਾਮਾ ਦੀ ਤਰ੍ਹਾਂ ਗੁਰੂ ਘਰ ਦੇ ਪੂਰਨ ਸ਼ਰਧਾਵਾਨ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਬਕਾਲੇ ਵਿਖੇ ਗੁਰਗੱਦੀ ਸੰਭਾਲੀ ਉਸ ਵੇਲੇ ਦੂਰ ਦੂਰ ਤੋਂ ਸੰਗਤਾਂ ਦਰਸ਼ਨ ਕਰਨ ਲਈ ਆਈਆਂ। ਭਾਈ ਸਾਹਿਬ ਵੀ ਉਸ ਵੇਲੇ ਦਰਸ਼ਨਾਂ ਨੂੰ ਆਏ। ਜੀਵਨ ਵਿਚ ਇਹੋ ਜਿਹਾ ਪਲਟਾ ਆਇਆ ਕਿ ਗੁਰੂ ਚਰਨਾਂ ਵਿਚ ਹੀ ਆਪਣਾ ਜੀਵਨ ਬਤੀਤ ਕਰਨ ਦੀ ਧਾਰ ਲਈ। ਕਾਫੀ ਸਮਾਂ ਗੁਰੂ ਘਰ ਨੇੜੇ ਰਹਿਣ ਕਰਕੇ ਆਪ ਜੀ ਨੂੰ ਗੁਰੂ ਸਾਹਿਬ ਨੇ ਦੀਵਾਨ ਦੀ ਉਪਾਧੀ ਬਖਸ਼ੀ ਤੇ ਵੱਡੀ ਜ਼ਿੰਮੇਵਾਰੀ ਸੌਂਪੀ ਗਈ। ਭਾਈ ਸਾਹਿਬ ਗੁਰੂ ਜੀ ਨਾਲ ਪੂਰਬੀ ਪਚਾਰਕ ਦੌਰੇ (ਬਿਹਾਰ, ਬੰਗਾਲ ਤੇ ਅਸਾਮ) ਸਮੇਂ ਨਾਲ ਗਏ ਸਨ।

ਭਾਈ ਮਤੀਦਾਸ ਜੀ ਉਹਨਾਂ ਪੰਜਾਂ ਗੁਰਸਿੱਖਾਂ ਵਿਚੋਂ ਇਕ ਸਨ, ਜੋ ਗੁਰੂ ਤੇਗ ਬਹਾਦਰ ਸਾਹਿਬ ਨਾਲ, ਦਿੱਲੀ ਮੁਗਲ ਹਕੂਮਤ ਅਤੇ ਉਹਨਾਂ ਦੇ ਸਰਪ੍ਰਸਤ ਕਾਜ਼ੀਆਂ ਨਾਲ ਹਿੰਦੂ ਧਰਮ ਦੀ ਰਖਿਆ ਬਾਰੇ ਗਲਬਾਤ ਵਾਸਤੇ ਗਏ ਸਨ। ਜਦ ਆਗਰਾ ਵਿਖੇ ਸਤਿਗੁਰਾਂ ਨੂੰ ਹਰਾਸਤ ਵਿਚ ਲਿਆ ਗਿਆ ਤਾਂ ਸਤਿਗੁਰਾਂ ਬਾਕੀ ਸਾਰੀ ਸੰਗਤ ਨੂੰ ਵਾਪਸ ਭੇਜ ਦਿੱਤਾ ਅਤੇ ਇਹ ਪੰਜ ਗੁਰਸਿੱਖ-ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਗੁਰਦਿਤਾ ਜੀ, ਭਾਈ ਸਤੀਦਾਸ ਜੀ ਤੇ ਭਾਈ ਜੈਤਾ ਜੀ ਹੀ ਨਾਲ ਰਖੇ, ਤਾਂਕਿ ਕਾਜ਼ੀਆਂ ਨਾਲ ਧਾਰਮਿਕ ਬਹਿਸ ਵਿਚ ਹਿੱਸਾ ਲੈ ਸਕਣ।

ਜਦ ਕੋਈ ਗਲ ਸਿਰੇ ਨ ਚੜ੍ਹੀ ਤਾਂ ਇਹਨਾਂ ਪੰਜਾਂ ਗੁਰਸਿੱਖਾਂ ਨੂੰ ਗੁਰਗਦੀ ਦੀ ਰਸਮ ਦੇ ਕੇ ਸਤਿਗੁਰਾਂ ਵਾਪਸ ਅਨੰਦਪੁਰ ਜਾਣ ਦਾ ਹੁਕਮ ਦਿੱਤਾ। ਪਰ ਭਾਈ ਮਤੀਦਾਸ, ਸਤੀਦਾਸ ਅਤੇ ਦਿਆਲਾ ਜੀ ਨੇ ਹੋਰ ਗੁਰਸਿੱਖਾਂ ਨਾਲ ਸਲਾਹ ਕਰਕੇ ਇਹ ਨਿਰਣਾ ਕੀਤਾ ਕਿ ਭਾਈ ਗੁਰਦਿਤਾ ਜੀ ਗੁਰਗਦੀ ਦੀ ਰਸਮ ਲੈ ਕੇ ਅਨੰਦਪੁਰ ਸਾਹਿਬ ਚਲੇ ਜਾਣ। ਭਾਈ ਜੈਤਾ ਜੀ ਦੀ ਜ਼ਿੰਮੇਵਾਰੀ ਸਤਿਗੁਰਾਂ ਦੀ ਸ਼ਹਾਦਤ ਬਾਦ ਸਰੀਰ ਨੂੰ ਕਿਸੇ ਚੰਗੇ ਢੰਗ ਨਾਲ ਚੁਕ ਕੇ ਲਿਜਾਣ ਦੀ ਸੌਂਪੀ ਗਈ ਅਤੇ ਇਹ ਨਿਰਣਾ ਹੋਇਆ ਕਿ ਭਾਈ ਮਤੀ ਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਨਾਲ ਹੀ ਰਹਿਣ।

ਮੁਗਲ ਹਕੂਮਤ ਦੇ ਹਰਕਾਰਿਆਂ ਨੇ ਪਹਿਲਾਂ ਇਹਨਾਂ ਤਿੰਨਾਂ ਗੁਰਸਿੱਖਾਂ ਨੂੰ ਸ਼ਹੀਦ ਕਰਨ ਦਾ ਫੈਸਲਾ ਕੀਤਾ, ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਭਿਆਨਕ ਕਿਸਮ ਦੀ ਮੌਤ ਵੇਖਕੇ ਇਹ ਗੁਰਸਿਖ ਅਤੇ ਗੁਰੂ ਸਾਹਿਬ ਘਬਰਾ ਜਾਣਗੇ ਤੇ ਈਨ ਮੰਨ ਲੈਣਗੇ।

ਸ਼ਹਿਰ ਵਿਚ ਉਹਨਾਂ ਨੂੰ ਸਰਕਾਰ ਵਲੋਂ ਦਿਤੀ ਜਾਣ ਵਾਲੀ ਸਜ਼ਾ ਬਾਰੇ ਢੰਡੋਰਾ ਪਿਟਵਾਇਆ ਗਿਆ ਤੇ ਭਾਰੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ। ਕੁਤਵਾਲੀ ਦੇ ਅਗੋਂ ਇਕ ਕੱਚਾ ਰਾਹ ਸ਼ਹਿਰ ਵਲ ਜਾਂਦਾ ਸੀ। ਉਸ ਅਗੇ ਖੁਲ੍ਹਾ ਮੈਦਾਨ ਸੀ। ਭਾਈ ਮਤੀ ਦਾਸ ਜੀ ਨੂੰ ਕੁਤਵਾਲੀ ਤੋਂ ਬਾਹਰ ਕਢਿਆ ਗਿਆ ਤੇ ਉਸ ਮੈਦਾਨ ਵਿਚ ਲੈ ਜਾਇਆ ਗਿਆ, ਜਿੱਥੇ ਜਲਾਦ ਆਰਾ ਤੇ ਸ਼ਕੰਜਾ ਲੈ ਕੇ ਖੜੇ ਕੀਤੇ ਗਏ ਸਨ। ਭਾਈ ਸਾਹਿਬ ਨੂੰ ਕਾਜ਼ੀ ਨੇ ਇਕ ਵਾਰ ਫਿਰ ਸਰਕਾਰ ਵਲੋਂ ਪੇਸ਼ਕਸ਼ ਕੀਤੀ, ਦੁਨਿਆਵੀ ਸੁਖਾਂ ਤੇ ਹੋਰ ਤਰ੍ਹਾਂ ਦੇ ਲਾਲਚ ਦਿਤੇ ਗਏ ਪਰ ਭਾਈ ਸਾਹਿਬ ਨੇ ਕੁਝ ਵੀ ਪ੍ਰਵਾਨ ਨਾ ਕੀਤਾ। ਅੰਤ ਵਿਚ ਇਹ ਵੀ ਜਤਨ ਕੀਤਾ ਗਿਆ ਕਿ ਉਹ ਗੁਰੂ ਸਾਹਿਬ ਦਾ ਸਾਥ ਛੱਡ ਦੇਣ, ਪਰ ਭਾਈ ਸਾਹਿਬ ਇਹ ਗੱਲ ਕਿਵੇਂ ਪ੍ਰਵਾਨ ਕਰ ਸਕਦੇ ਸਨ। ਭਾਈ ਸਾਹਿਬ ਨੇ ਕਿਹਾ, "ਗੁਰੂ ਸਾਹਿਬ ਨੂੰ ਛੱਡਕੇ ਮੈਂ ਜਿੰਦਾ ਨਹੀਂ ਰਹਿ ਸਕਦਾ। ਅੰਤ ਨੂੰ ਮਰਨਾ ਤਾਂ ਹੈ ਹੀ, ਕਿਉਂ ਨ ਸਿੱਖੀ ਨਿਭਾ ਕੇ ਮਰਾਂ।"

ਉਸ ਸਮੇਂ ਦੇ ਰਿਵਾਜ ਅਨੁਸਾਰ, ਜਿਸ ਨੂੰ ਮਾਰਨਾ ਹੁੰਦਾ ਸੀ, ਉਸਦੀ ਅੰਤਿਮ ਖਾਹਿਸ਼ ਪੁਛੀ ਜਾਂਦੀ ਸੀ ਤੇ ਜੇ ਉਹ ਮੰਨਣਯੋਗ ਹੁੰਦੀ ਤਾਂ ਪੂਰੀ ਕੀਤੀ ਜਾਂਦੀ ਸੀ। ਭਾਈ ਸਾਹਿਬ ਨੂੰ ਜਦ ਪੁਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਮੇਰੇ ਸੀਸ ਤੇ ਆਰਾ ਰਖਣ ਸਮੇਂ ਮੇਰਾ ਮੂੰਹ ਗੁਰੂ ਸਾਹਿਬ ਦੇ ਪਿੰਜਰੇ ਵਲ ਕਰ ਦਿਤਾ ਜਾਵੇ। ਮੈਂ ਆਪਣੇ ਅੰਤਲੇ ਸਮੇਂ ਆਪਣੇ ਮਾਹੀ ਪ੍ਰੀਤਮ ਦੇ ਦਰਸ਼ਨ ਕਰ ਸਕਾਂ, ਬਸ, ਮੇਰੀ ਇਹੋ ਅਭਿਲਾਸ਼ਾ ਹੈ।

ਇਸੇ ਤਰ੍ਹਾਂ ਕੀਤਾ ਗਿਆ ਤੇ ਭਾਈ ਸਾਹਿਬ ਦਾ ਮੂੰਹ ਉਧਰ ਕਰਕੇ ਆਰਾ ਸੀਸ ਤੇ ਰਖ ਦਿਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕ ਦੇਖਕੇ ਦੰਗ ਰਹਿ ਗਏ ਕਿ ਭਾਈ ਸਾਹਿਬ ਨੂੰ ਜ਼ਰਾ ਵੀ ਘਬਰਾਹਟ ਨਹੀਂ ਸੀ। ਚਿਹਰੇ ਤੇ ਹੋਰ ਜਲਾਲ ਆ ਗਿਆ। ਆਰਾ ਅਗੋਂ ਤੋਂ ਪਿਛੇ ਤੇ ਪਿਛੇ ਤੋਂ ਅਗੇ ਚਲਣ ਲਗ ਪਿਆ। ਖੂਨ ਦੀਆਂ ਧਾਰਾਂ ਦੂਰ ਦੂਰ ਤਕ ਵਗਣ ਲਗ ਪਈਆਂ। ਖੂਨ ਦੇ ਪਰਨਾਲੇ ਛੁਟਣ ਲਗ ਪਏ। ਸਰੀਰ ਵਿਚ ਬਿਲਕੁਲ ਕਾਂਬਾ ਨਹੀਂ ਛਿੜਿਆ। ਸਮਾਧੀ ਨੂੰ ਆਰੇ ਦਾ ਚੀਰ ਭੰਗ ਨ ਕਰ ਸਕਿਆ। ਆਰਾ ਆਪਣਾ ਕੰਮ ਮੁਕਾ ਬੈਠਾ। ਸਰੀਰ ਦੋਫਾੜ ਹੋ ਗਿਆ। ਭੌਰ ਉਡਾਰੀ ਲਾ ਗਿਆ। ਵੇਖਣ ਵਾਲਿਆਂ ਦੇ ਰੌਂਗਟੇ ਖੜੇ ਹੋ ਗਏ। ਇਸ ਤਰ੍ਹਾਂ ਇਨਸਾਨ ਨੂੰ ਤਸੀਹੇ ਝਲਦਿਆਂ ਅਤੇ ਦ੍ਰਿੜ ਰਹਿੰਦਿਆਂ ਕਦੀ ਕਿਸੇ ਨੇ ਨਹੀਂ ਸੀ ਡਿੱਠਾ।

ਇਹ ਉਪਰੋਕਤ ਸਾਕਾ ਨਵੰਬਰ ਸੰਨ 1675 ਦੇ ਪਹਿਲੇ ਹਫਤੇ ਵਿਚ ਹੋਇਆ ਇਸ

ਸ਼ਹੀਦੀ ਨੇ ਕੌਮ ਵਿਚ ਇਕ ਨਵੀਂ ਰੂਹ ਫੂਕ ਦਿਤੀ ਤੇ ਰਹਿੰਦੀ ਦੁਨੀਆਂ ਤਕ ਇਹ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ।

ਐਸੇ ਭਿਆਨਕ ਸਾਕੇ ਨੂੰ ਵੇਖ ਕੇ ਲੋਕਾਂ ਦੇ ਦਿਲਾਂ ਵਿਚ ਸਿੱਖ ਧਰਮ ਪ੍ਰਤੀ ਦ੍ਰਿੜਤਾ ਅਤੇ ਪਿਆਰ ਹੋਰ ਵਧਿਆ। ਲੋਕਾਂ ਨੇ ਮਹਿਸੂਸ ਕੀਤਾ ਕਿ ਸਿੱਖ ਮਤ ਇਕ ਮਹਾਨ ਅਤੇ ਅਸਲੀ ਜੀਵਨ ਜਾਚ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਪੂਰਨ ਮਨੁਖ ਦਾ ਨਕਸ਼ਾ ਖਿਚਿਆ ਸੀ, ਉਹ ਬਿਲਕੁਲ ਠੀਕ ਤੌਰ ਤੇ ਤਿਆਰ ਹੋ ਗਿਆ ਸੀ, ਤਾਂ ਹੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਵਿਚ ਸਿੱਖਮਤ ਦੇ ਧਾਰਨੀਆਂ ਨੂੰ ਪੂਰਨ ਖਾਲਸਾ ਰੂਪ ਦੇ ਦਿਤਾ ਸੀ ਅਤੇ ਗੁਰੂ ਦੀਆਂ ਸਾਰੀਆਂ ਕ੍ਰਿਆਵਾਂ ਕਰਨ ਦੇ ਕਾਬਲ ਬਣਾਕੇ ਗੁਰੂ ਦੀ ਜੁਗਤ ਖਾਲਸੇ ਵਿਚ ਸਮੋ ਦਿਤੀ ਸੀ।

ਅੱਜ ਦੇ ਸਮੇਂ ਭਾਵੇਂ ਬਹੁਤ ਤਰੀਕਿਆਂ ਨਾਲ ਗੁਰਬਾਣੀ ਰੂਪੀ ਉਸ ਮਹਾਨ ਫਿਲਾਸਫੀ ਦਾ ਰੱਟਣ ਕੀਤਾ ਜਾ ਰਿਹਾ ਹੈ, ਪਰ ਸਮਝਣ ਅਤੇ ਅਮਲੀ ਜੀਵਨ ਵਿਚ ਢਾਲਣ ਦੀ ਕੋਈ ਖੇਚਲ ਨਹੀਂ ਕਰਦਾ। ਕਾਸ਼ ! ਗੁਰਬਾਣੀ ਨੂੰ ਵੀਚਾਰ ਕੇ ਜੀਵਨ ਵਿਚ ਢਾਲਿਆ ਜਾਂਦਾ, ਤਾਂ ਜੋ ਅਜ ਵੀ, ਭਾਈ ਮਤੀਦਾਸ ਅਤੇ ਹੋਰ ਗੁਰਸਿੱਖ ਸ਼ਹੀਦਾਂ ਵਾਂਗ ਸਿੱਖ ਧਰਮ ਨੂੰ ਅਮਲੀ (ਪ੍ਰੈਕਟੀਕਲ) ਸ਼ਕਲ ਵਿਚ ਪੇਸ਼ ਕੀਤਾ ਜਾ ਸਕਦਾ।

## *3. ਭਾਈ ਜੈਤਾ ਜੀ*

ਗੁਰੂ ਕਾਲ ਦਾ ਇਤਿਹਾਸ ਅਜੇ ਬਹੁਤ ਸਾਰੀ ਖੋਜ ਦਾ ਮੁਥਾਜ ਹੈ। ਇਸ ਕਾਲ ਦੇ ਕਾਫੀ ਗੁਰਮੁਖ, ਭਗਤਾਂ ਤੇ ਬਹਾਦਰ ਸੂਰਬੀਰਾਂ ਦੇ ਜਨਮ, ਜਨਮ ਅਸਥਾਨਾਂ, ਤੇ ਸੰਨ-ਸੰਮਤ ਨਿਸ਼ਚਿਤ ਤੌਰ ਤੇ ਮਿਲਣੇ ਮੁਸ਼ਕਲ ਹਨ। ਫਿਰ ਵੀ ਉਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ, ਅਦੁਤੀ ਕਾਰਨਾਮਿਆਂ ਸਦਕੇ ਕਦੀ ਨ ਭੁਲਣ ਵਾਲੀਆਂ ਇਤਿਹਾਸਕ ਯਾਦਾਂ ਬਣੀਆਂ ਹੋਈਆਂ ਹਨ।

ਭਾਈ ਜੈਤਾ, ਜੋ 1699 ਈ: ਦੀ ਵਿਸਾਖੀ ਤੇ ਖੰਡੇ ਦੀ ਪਾਹੁਲ ਛੱਕ ਕੇ ਭਾਈ ਜੀਵਨ ਸਿੰਘ ਜੀ ਬਣੇ, ਦਾ ਜਨਮ ਘਟੋ ਘਟ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ 20 ਕੁ ਸਾਲ ਪਹਿਲਾਂ ਦਾ ਹੀ ਹੋ ਸਕਦਾ ਹੈ ਕਿਉਂਕਿ ਗੁਰੂ ਸਾਹਿਬ ਦਾ ਸੀਸ ਚੁਕ ਕੇ ਲਿਜਾਣ ਵਾਲਾ ਕੋਈ ਦਲੇਰ ਅਤੇ ਜੁਆਨ ਉਮਰ ਦਾ ਹੀ ਮਰਜੀਵੜਾ ਹੋ ਸਕਦਾ ਹੈ।

ਗੁਰਮਤਿ ਧਾਰਨ ਕਰਨ ਉਪਰੰਤ ਜ਼ਾਤ-ਪਾਤ ਜਿਹੀ ਨਖਿਧ ਵੰਡ ਦੇ ਘਰ ਵਿਚੋਂ ਗੁਰਸਿੱਖ ਨਿਕਲ ਜਾਂਦਾ ਹੈ, ਪਰ ਕਈ ਵਾਰ ਪ੍ਰਚਲਿਤ ਹੋ ਚੁਕਿਆ ਨਾਮ ਅਗੇ ਤਕ ਚਲਦਾ ਰਹਿੰਦਾ ਹੈ, ਇਸ ਪ੍ਰਕਾਰ ਭਾਈ ਸਾਹਿਬ ਜੀ ਰੰਘਰੇਟੇ ਕਰਕੇ ਹੀ ਮਸ਼ਹੂਰ ਹਨ (ਬ੍ਰਾਹਮਣਾਂ ਦੀ ਜਾਤੀ-ਵੰਡ ਅਨੁਸਾਰ ਇਹ ਨੀਵੀਂ ਜਾਤ ਹੈ)। ਅਸੂਲਨ ਤੌਰ ਤੇ ਕਿਸੇ ਵੀ ਸਖਸ਼ੀਅਤ ਦਾ ਉੱਚਿਆ ਜਾਂ ਸਤਿਕਾਰਯੋਗ ਹੋਣਾ, ਉਸ ਦੀ ਉੱਚੀ-ਕੁਲ ਜਾਂ ਵੰਸ਼ ਦਾ ਹੋਣ ਕਰਕੇ ਕਦਾਚਿਤ ਨਹੀਂ, ਸਗੋਂ ਉਸਦੀ ਅਪਣਾਈ ਜੀਵਨ-ਜਾਚ ਅਤੇ ਉਸ ਉੱਤੇ ਚਲਕੇ ਕੌਮ ਤੇ ਮਨੁੱਖਤਾ ਦੀ ਖਾਤਰ ਪ੍ਰਾਪਤ ਕੀਤੇ ਮਹਾਨ ਟੀਚੇ ਕਾਰਨ ਹੁੰਦਾ ਹੈ, ਜੋ ਆਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਦਾ ਕੰਮ ਦਿੰਦਾ ਹੈ। ਉੱਚੇ-ਸੁਚੇ ਗੁਣ ਹੀ ਸਤਿਕਾਰ ਤੇ ਉੱਚਤਾ ਬਖਸ਼ਦੇ ਹਨ, ਉੱਚੀ ਜ਼ਾਤ ਜਾਂ ਕੁਲ ਹਰਗਿਜ਼ ਨਹੀਂ।

ਪਿੰਡ ਰਾਮਦਾਸ (ਜ਼ਿਲਾ ਅੰਮ੍ਰਿਤਸਰ) ਨਿਵਾਸੀ ਸੁਖ ਭਾਨ ਜੀ ਦੇ ਪੁਤਰ ਜਸ ਭਾਨ ਦੇ ਗ੍ਰਹਿ ਵਿਖੇ ਸਦਾਰਾਮ ਜੀ ਪੈਦਾ ਹੋਏ। ਬਾਬਾ ਸਦਾਰਾਮ ਜੀ ਦੀ ਸ਼ਾਦੀ ਬੀਬੀ ਪਰੇਮੋਂ ਨਾਲ ਹੋਈ। ਜਿਨ੍ਹਾਂ ਦੀ ਕੁਖ ਤੋਂ ਭਾਈ ਜੈਤਾ ਜੀ ਦਾ ਜਨਮ ਹੋਇਆ ਤੇ ਬੀਬੀ ਪਰੇਮੋਂ ਜੀ ਭਾਈ ਸਾਹਿਬ ਜੀ ਨੂੰ ਜਨਮ ਦੇ ਕੇ ਹੀ ਗੁਜ਼ਰ ਗਏ।

ਜਦੋਂ ਬਕਾਲੇ ਵਿਚ ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ਦੇ ਸੁਭਾਇਮਾਨ ਹੋਣ ਨਾਲ ਨਕਲੀ ਗੁਰੂਆਂ ਦਾ ਭੋਗ ਪੈ ਗਿਆ ਤਾਂ ਸੰਗਤਾਂ ਦਰਸ਼ਨਾਂ ਨੂੰ ਟੁਟ ਪਈਆਂ। ਭਾਈ ਸਦਾਰਾਮ ਜੀ ਵੀ ਬਾਲਕ (ਭਾਈ ਜੈਤਾ) ਨੂੰ ਨਾਲ ਲੈ ਕੇ ਦਰਸ਼ਨਾਂ ਲਈ ਪੁਜੇ। ਭਾਈ ਸਦਾਰਾਮ ਜੀ ਦੇ ਅਸ਼ਾਂਤ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ ਤੇ ਗੁਰੂ ਚਰਨਾਂ ਨਾਲ ਅਜਿਹੀ ਪ੍ਰੀਤ ਜੁੜੀ ਕਿ ਆਪ ਜੀ ਸੰਗਤਾਂ ਦੀ ਸੇਵਾ ਵਿਚ ਹੀ ਲੀਨ ਹੋ ਗਏ। ਗੁਰੂ ਸਾਹਿਬ ਨੇ ਬਾਲ ਨੂੰ ਪਿਆਰ ਦਿੰਦਿਆਂ ਉਸਦਾ ਨਾਮ 'ਜੈਤਾ' ਰਖ ਦਿਤਾ ਤੇ ਨਾਲ ਹੀ ਯੋਧਾ-ਪਰਉਪਕਾਰੀ ਹੋਣ ਦੀ ਅਸੀਸ ਦਿਤੀ।

ਮੁੱਢ ਤੋਂ ਗੁਰੂ ਘਰ ਨਾਲ ਸੰਬੰਧਤ ਹੋਣ ਕਰਕੇ, ਭਾਈ ਸਦਾ ਰਾਮ ਜੀ, ਬਾਲ-ਰੂਪੀ ਜੈਤਾ ਜੀ ਨੂੰ ਨੌਵੇਂ ਪਾਤਸ਼ਾਹ ਨਾਲ ਪਟਨੇ ਹੀ ਲੈ ਆਏ ਸਨ। ਜੈਤਾ ਜੀ ਦਾ ਬਚਪਨ ਵਧੇਰੇ (ਗੁਰੂ) ਗੋਬਿੰਦ ਰਾਏ (ਸਿੰਘ) ਜੀ ਨਾਲ ਪਟਨੇ ਵਿਚ ਹੀ ਬੀਤਿਆ। ਜਦੋਂ ਮਾਤਾ ਗੁਜਰੀ ਜੀ ਪ੍ਰਵਾਰ ਸਮੇਤ ਪਟਨੇ ਸਾਹਿਬ ਤੋਂ ਸ੍ਰੀ ਆਨੰਦਪੁਰ ਸਾਹਿਬ ਪੁਜੇ ਤਾਂ ਭਾਈ ਸਦਾ ਰਾਮ ਜੀ ਜੈਤਾ ਜੀ ਸਮੇਤ ਆਨੰਦਪੁਰ ਸਾਹਿਬ ਆ ਟਿਕੇ। ਭਾਈ ਜੈਤਾ ਜੀ ਨੇ ਪਟਨਾ ਸਾਹਿਬ ਵਿਖੇ ਹੀ ਗੁਰਮੁਖੀ, ਗੁਰਬਾਣੀ ਤੇ ਸ਼ਸਤਰ ਵਿਦਿਆ ਪ੍ਰਾਪਤ ਕੀਤੀ।

ਜਦ ਗੁਰੂ ਤੇਗ ਬਹਾਦਰ ਸਾਹਿਬ ਔਰੰਗਜ਼ੇਬ, ਉਸਦੇ ਮੁਹਤਬਿਰ ਸਲਾਹਕਾਰਾਂ ਅਤੇ ਕਾਜ਼ੀਆਂ ਨਾਲ ਹਿੰਦੂ ਕੌਮ ਦੇ ਮਸਲੇ ਉਤੇ ਗੱਲ-ਬਾਤ ਕਰਨ ਹਿਤ ਦਿੱਲੀ ਵੱਲ ਚਲੇ ਤਾਂ ਇਸ ਸਫਰ ਦੇ ਦੌਰਾਨ ਉਹਨਾਂ ਸਿੱਖ-ਮਤ ਦੇ ਧਰਮ-ਪ੍ਰਚਾਰ ਨੂੰ ਮੁੱਖ ਰੱਖ ਕੇ ਪੂਰਾ ਪ੍ਰਚਾਰ ਦੌਰੇ ਦਾ ਪਰੋਗਰਾਮ ਉਲੀਕਿਆ। ਉਹਨਾਂ ਨੇ ਇਸ ਹੋਣ ਵਾਲੀ ਚਰਚਾ ਵਾਸਤੇ ਆਪਣੇ ਨਾਲ ਪੰਜ ਮੁਖੀ ਅਤੇ ਵਿਦਵਾਨ ਗੁਰਸਿੱਖ ਨੂੰ ਰਖਿਆ, ਜਿਨ੍ਹਾਂ ਵਿਚੋਂ ਇਕ ਭਾਈ ਜੈਤਾ ਜੀ ਵੀ ਸਨ। ਇਸ ਤੋਂ ਇਲਾਵਾ ਕਾਫ਼ੀ ਵੱਡਾ ਵਹੀਰ ਸੰਗਤਾਂ ਦਾ ਨਾਲ ਸੀ।

ਗੁਰੂ ਸਾਹਿਬ ਪੰਜਾਬ, ਹਰਿਆਣਾ ਤੇ ਯੂ. ਪੀ. ਦੇ ਕੁਝ ਇਲਾਕੇ ਦਾ ਪ੍ਰਚਾਰ ਦੌਰਾ ਕਰਕੇ, ਲੋਕਾਈ ਨੂੰ ਗੁਰਮਿਤ ਦ੍ਰਿੜ ਕਰਵਾ ਕੇ, ਜ਼ੁਲਮ ਨਾਲ ਟੱਕਰ ਲੈਣ ਦਾ ਸਾਹਸ ਪੈਦਾ ਕਰਦੇ ਹੋਏ ਆਗਰੇ ਪੁਜੇ।

ਇਸ ਸਮੇਂ ਕਾਫੀ ਹਲਚਲ ਮਚ ਗਈ ਸੀ, ਅਤੇ ਹਕੂਮਤ ਨੂੰ ਨਵੇਂ ਉਠ ਰਹੇ ਸਿੱਖ-ਸਮਾਜ ਦਾ ਵੱਡਾ ਖਤਰਾ ਨਜ਼ਰ ਆਇਆ, ਤਾਂ ਗੁਰੂ ਸਾਹਿਬ ਨੂੰ ਆਗਰੇ ਵਿਖੇ ਹਿਰਾਸਤ ਵਿਚ ਲੈ ਲਿਆ ਗਿਆ। ਇਸ ਸਮੇਂ ਗੁਰੂ ਸਾਹਿਬ ਨੇ ਪੰਜ-ਵਿਦਵਾਨ ਅਤੇ

ਮੁਖੀ ਗੁਰਸਿੱਖਾਂ-ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ, ਭਾਈ ਗੁਰਦਿਤਾ ਤੇ ਭਾਈ ਜੇਤਾ ਜੀ ਨੂੰ ਨਾਲ ਲਿਆ ਤੇ ਬਾਕੀ ਸਾਰੀਆਂ ਸੰਗਤਾਂ ਨੂੰ ਆਪਣੇ ਘਰ ਪਰਤ ਜਾਣ ਦਾ ਹੁਕਮ ਦਿਤਾ ਅਤੇ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ ਰਹਿਣ ਦਾ ਉਪਦੇਸ਼ ਦਿਤਾ।

ਸ਼ਾਹੀ ਦਰਬਾਰ ਵਲੋਂ ਸਭ ਤੋਂ ਪਹਿਲਾਂ ਗੁਰੂ ਸਾਹਿਬ ਦਾ ਬੜਾ ਯੋਗ ਸਤਿਕਾਰ ਹੋਇਆ ਤੇ ਉਸ ਉਪਰੰਤ ਸਾਰੇ ਮਸਲੇ ਪੂਰ ਵਿਚਾਰ ਵਟਾਂਦਰਾ ਹੋਇਆ। ਸਿੱਟਾ ਤਾਂ ਕੁਝ ਨਾ ਨਿਕਲਿਆ ਪਰ ਕਈ ਦਰਬਾਰੀਆਂ ਉਤੇ ਗੁਰੂ ਸਾਹਿਬ ਦੀਆਂ ਅਕੱਟ ਦਲੀਲਾਂ ਦਾ ਬਹੁਤ ਪ੍ਰਭਾਵ ਪਿਆ। ਉਹਨਾਂ ਦੇ ਮਨਾਂ ਅੰਦਰ ਗੁਰੂ ਪਾਤਸ਼ਾਹ ਲਈ ਸਤਿਕਾਰ ਪੈਦਾ ਹੋ ਗਿਆ। ਮੁਸਲਮਾਨ ਹਾਕਮ ਆਪਣੀ ਬਾਜ਼ੀ ਹਾਰਦੀ ਵੇਖਕੇ ਹੋਛੇ ਹਥਿਆਰਾਂ ਤੇ ਉਤਰ ਆਏ ਤੇ ਉਹਨਾਂ ਗੁਰੂ ਸਾਹਿਬ ਨੂੰ ਕਤਲ ਦੀਆਂ ਧਮਕੀਆਂ ਦੇਣੀਆਂ ਆਰੰਭ ਦਿਤੀਆਂ। ਕਾਜ਼ੀਆਂ ਨੇ ਹਰ ਕੀਮਤ ਤੇ ਧਰਮ ਤਬਦੀਲੀ ਦੇ ਪਰੋਗਰਾਮ ਵਿਚਕਾਰ ਆਏ ਰੋੜੇ ਨੂੰ ਹਟਾਣਾ ਸੀ। ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਹੁਣ ਸ਼ਹੀਦੀ ਤੋਂ ਸਿਵਾਏ ਹੋਰ ਕੋਈ ਹੱਲਾ ਨਹੀਂ।

ਗੁਰੂ ਸਾਹਿਬ ਨੇ ਪੰਜਾਂ ਹੀ ਗੁਰਸਿੱਖਾਂ ਨੂੰ ਧਰਮ ਪ੍ਰਚਾਰ ਦੇ ਕੰਮ ਨੂੰ ਚੜ੍ਹਦੀ ਕਲਾ ਵਿਚ ਰੱਖਣ-ਹਿੱਤ ਗੁਰਗੱਦੀ ਦੀ ਰਸਮ ਅਦਾ ਕਰਨ ਲਈ ਆਨੰਦਪੁਰ ਸਾਹਿਬ ਜਾਣ ਦੀ ਆਗਿਆ ਕੀਤੀ। ਪੰਜਾਂ ਪਿਆਰਿਆਂ ਨੇ ਆਪਸ ਵਿਚ ਸਲਾਹ ਮਸ਼ਵਰਾ ਕਰਕੇ ਇਹ ਨਿਰਣਾ ਕੀਤਾ ਕਿ ਭਾਈ ਗੁਰਦਿੱਤਾ ਜੀ, ਜੋ ਬਾਬਾ ਬੁਢਾ ਜੀ ਦੀ ਅੰਸ਼ ਵਿਚੋਂ ਸਨ, ਉਹ ਆਨੰਦਪੁਰ ਸਾਹਿਬ ਜਾ ਕੇ ਗੁਰਗੱਦੀ ਦੀ ਰਸਮ ਅਦਾ ਕਰਨ। ਭਾਈ ਜੇਤਾ ਜੀ ਦੀ, ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਦ ਸਰੀਰ ਨੂੰ ਕਿਸੇ ਚੰਗੇ ਢੰਗ ਨਾਲ ਸੰਭਾਲਣ ਦੀ ਡਿਊਟੀ ਲਗੀ ਤਾਂ ਜੋ ਗੁਰੂ ਸਾਹਿਬ ਦਾ ਸਰੀਰ ਰੋਲਿਆ ਨ ਜਾ ਸਕੇ ਤੇ ਨਾਲ ਹਕੂਮਤ ਨੂੰ ਵੀ ਇਹ ਚੈਲੰਜ ਸੀ ਕਿ ਗੁਰੂ ਕੇ ਸਿੱਖਾਂ ਅੰਦਰ ਗੁਰੂ ਸਾਹਿਬ ਦੇ ਸਰੀਰ ਚੁਕਣ ਦੀ ਜੁਅਰੱਤ ਹੈ। ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੇ ਗੁਰੂ ਸਾਹਿਬ ਨਾਲ ਰਹਿਣ ਦਾ ਮਤਾ ਪਕਾਇਆ ਕਿਉਂਕਿ ਗੁਰੂ ਸਾਹਿਬ ਨੂੰ ਇਕੱਲਾ ਛਡਣਾ ਉਹ ਯੋਗ ਨਹੀਂ ਸਨ ਸਮਝਦੇ। ਗੁਰੂ ਸਾਹਿਬ ਨੂੰ ਉਹਨਾਂ ਨਾਲ ਰਹਿਣ ਦੀ ਅਰਜ਼ੋਈ ਕੀਤੀ ਜੋ ਗੁਰੂ ਸਾਹਿਬ ਨੇ ਪ੍ਰਵਾਨ ਕੀਤੀ। ਸਭ ਤੋਂ ਪਹਿਲਾਂ ਇਹਨਾਂ ਤਿੰਨਾਂ ਗੁਰਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਔਰੰਗਜ਼ੇਬ ਉਸ ਸਮੇਂ ਹਸਨ ਅਬਦਾਲ ਗਿਆ ਹੋਇਆ ਸੀ। ਉਸ ਦਾ ਇਹ ਹੁਕਮ ਸੀ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲਾਂ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤੇ ਜੇ ਉਹ ਨਾ ਮੰਨਣ ਤਾਂ ਉਹਨਾਂ ਨੂੰ ਹਿੰਦੂ ਧਰਮ ਦੀ ਰਖਿਆ ਨ ਕਰਨ ਦੀ ਸਲਾਹ ਦਿਤੀ ਜਾਵੇ ਅਤੇ ਜੇ ਫਿਰ ਵੀ ਨ ਮੰਨਣ ਤਾਂ ਕਤਲ ਕਰਕੇ ਉਹਨਾਂ ਦੇ ਸਰੀਰ ਦੇ ਟੁਕੜੇ ਕਰਕੇ ਦਿੱਲੀ ਦੇ ਦਰਵਾਜ਼ਿਆਂ ਤੇ ਟੰਗ ਦਿਤੇ ਜਾਣ ਤਾਂ ਜੋ ਲੋਕਾਂ ਅੰਦਰ ਦਹਿਸ਼ਤ ਪੈਦਾ ਹੋ ਜਾਏ ਤੇ ਕੋਈ ਕਾਫਰਾਂ ('ਹਿੰਦੂਆਂ') ਦੀ ਮਦਦ ਕਰਨ ਦਾ ਹੀਆ ਨ ਕਰ ਸਕੇ।



ਅੰਤ 11 ਨਵੰਬਰ ਸੰਨ 1675 ਈ: ਨੂੰ ਚਾਂਦਨੀ ਚੌਂਕ ਵਿਖੇ ਕੋਤਵਾਲੀ ਦੇ ਨਾਲ ਦੀ ਜਗ੍ਹਾ ਗੁਰਦੇਵ ਨੂੰ ਸ਼ਹੀਦ ਕਰ ਦਿੱਤਾ ਗਿਆ।

ਉਧਰ ਭਾਈ ਜੇਤਾ ਜੀ ਅਤੇ ਭਾਈ ਉਦੈ ਜੀ ਨੇ ਦਿੱਲੀ ਦੇ ਕੁਝ ਗੁਰਸਿੱਖਾਂ ਨੂੰ ਮਿਲਕੇ ਸਤਿਗੁਰਾਂ ਦੇ ਸਰੀਰ ਨੂੰ ਚੁਕਣ ਦੀ ਵਿਉਂਤ ਬਣਾਈ, ਜਿਨ੍ਹਾਂ ਵਿਚੋਂ ਭਾਈ ਲੱਖੀ ਸ਼ਾਹ ਵਣਜਾਰੇ ਜੈਸੇ ਮਰਜੀਵੜਿਆਂ ਦਾ ਨਾਮ ਹਰ ਇਕ ਇਤਿਹਾਸਕਾਰ ਨੇ ਬਿਆਨ ਕੀਤਾ ਹੈ ਕਿਉਂਕਿ ਉਹ ਸ਼ਾਹੀ ਦਰਬਾਰ ਵਿਚ ਇਮਾਰਤੀ ਸਾਮਾਨ ਪਹੁੰਚਾਣ ਦਾ ਕੰਮ ਕਰਦਾ ਸੀ ਅਤੇ ਦਿੱਲੀ ਨਿਵਾਸੀ ਸੀ। ਉਸਨੇ ਅਤੇ ਹੋਰ ਗੁਰਸਿੱਖਾਂ ਨੇ ਬੈਠਕੇ ਪੂਰੀ ਸਕੀਮ ਬਣਾਈ, ਜੋ ਪੂਰੀ ਤਰ੍ਹਾਂ ਕਾਮਯਾਬ ਰਹੀ।

ਉਸ ਸਮੇਂ ਇਕ ਜ਼ਬਰਦਸਤ ਝੱਖੜ ਆਇਆ। ਸਾਰੇ ਤਮਾਸ਼ਬੀਨ ਤੇ ਹਮਦਰਦ ਲੋਕ ਜੋ ਇਹ ਘਟਨਾ ਦੇਖਣ ਲਈ ਇਕੱਤ੍ਰ ਹੋਏ ਸਨ, ਉਥੋਂ ਨੱਠ ਉਠੇ, ਹਲਚਲ ਮਚ ਗਈ। ਇਸ ਹਲਚਲ ਵਿਚ ਹੀ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਚੁਕ ਕੇ ਪਹਿਲਾਂ ਬਣਾਈ ਵਿਉਂਤ ਅਨੁਸਾਰ ਆਪਣੇ ਹੋਰ ਗੁਰਸਿੱਖ ਸਾਥੀਆਂ ਸਮੇਤ ਨਿਕਲ ਗਏ ਤੇ ਪਹਿਲਾ ਪੜਾਅ, ਤਰਾਵੜੀ, ਜੋ ਕਰਨਾਲ ਤੋਂ 5 ਕੁ ਮੀਲ ਤੇ ਦਿਲੀਓਂ 80 ਕੁ ਮੀਲ ਤੇ ਹੈ ਜਾ ਕੀਤਾ। ਉਧਰ ਭਾਈ ਉਦੇ ਜੀ ਤੇ ਭਾਈ ਲਖੀ ਸ਼ਾਹ ਵਣਜਾਰੇ ਨੇ ਵਿਉਂਤ ਬਣਾ ਕੇ ਧੜ ਉਥੋਂ ਚੁਕ ਲਿਆ ਅਤੇ ਉਸ ਜਗ੍ਹਾ ਲਿਆ ਕੇ ਸਸਕਾਰ ਕੀਤਾ, ਜਿਥੇ ਹੁਣ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ। ਕਿਉਂਕਿ ਸਰਕਾਰੀ ਸਿਪਾਹੀਆਂ ਵਿਚ ਹਲਚਲ, ਮੱਚ ਚੁਕੀ ਸੀ ਤੇ ਖਤਰਾ ਸੀ ਕਿਤੇ ਉਹ ਆ ਨਾ ਪੁਜਣ। ਇਸ ਲਈ ਲਖੀ ਸ਼ਾਹ ਨੇ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ ਜਿਸ ਵਿਚ ਸਾਹਿਬਾਂ ਦਾ ਧੜ ਰੱਖ ਦਿੱਤਾ ਗਿਆ ਸੀ, ਤਾਂ ਜੋ ਸਰਕਾਰੀ ਫੌਜ ਨੂੰ ਸ਼ੱਕ ਵੀ ਨ ਪੈ ਸਕੇ।

ਉਸ ਸਮੇਂ ਮੁਗਲੀਆ ਹਕੂਮਤ ਸੀ ਤੇ ਇਹ ਜ਼ਰੂਰੀ ਸੀ ਕਿ ਸੀਸ ਦੀ ਤਾਂ ਜ਼ਰੂਰ ਭਾਲ ਕੀਤੀ ਜਾਂਦੀ। ਇਸ ਲਈ ਸੀਸ ਨੂੰ ਹਨੇਰੇ ਵਿਚ ਛੁਪਾ ਕੇ ਹੀ ਲਿਜਾਇਆ ਜ ਸਕਦਾ ਸੀ ਤਾਂ ਜੋ ਸਰਕਾਰੀ ਸਿਪਾਹੀਆਂ ਦੇ ਹੱਥ ਆਉਣ ਤੋਂ ਬਚਿਆ ਜਾ ਸਕੇ। ਸੋ, ਭਾਈ ਜੈਤਾ ਨੇ ਤਰਾਵੜੀ ਵਿਚ ਇਕ ਗੁਰਸਿੱਖ ਦੇ ਘਰ ਪਹੁੰਚਕੇ, ਆਪਣੇ ਸਾਰੇ ਬਸਤ੍ਰ ਆਦਿ ਬਦਲੇ। ਸੀਸ ਨੂੰ ਨਿੰਮ ਦੇ ਪੱਤਿਆਂ ਵਿਚ ਰੱਖ ਕੇ ਰੁਮਾਲੇ ਵਿਚ ਲਪੇਟ ਕੇ ਅਗੇ ਚਲ ਪਏ। ਅੰਬਾਲਾ ਜੋ ਤਰਾਵੜੀ ਤੋਂ 40 ਕੁ ਮੀਲ ਹੈ, ਜਾ ਭਾਈ ਰਾਮ ਜੀ ਦੇ ਘਰ ਠਹਿਰੇ। ਉਥੋਂ, ਅੰਬਾਲੇ ਤੋਂ ਲਗਭਗ 15 ਮੀਲ ਦੂਰ, ਰਾਜਪੁਰਾ ਤਹਿਸੀਲ ਵਿਚ ਪਿੰਡ ਨਾਭਾ ਜਾ ਪੜਾਅ ਕੀਤਾ, ਜੋ ਸੰਘਣੇ ਜੰਗਲਾਂ ਵਿਚ ਸੀ। ਉਥੇ ਗੁਰਦੁਆਰਾ ਚੋਆ ਸਾਹਿਬ ਹੈ।

ਉਥੋਂ ਚਲ ਕੇ ਸਿੱਧੇ ਕੀਰਤਪੁਰ ਸਾਹਿਬ, ਜੋ ਕਿ ਲਗਭਗ 55 ਮੀਲ ਤੇ ਹੈ, ਜਾ ਦਮ ਲਿਆ। ਕੀਰਤਪੁਰ ਸਾਹਿਬ ਦਾ ਸਾਰਾ ਇਲਾਕਾ ਹੀ ਗੁਰੂ ਸਾਹਿਬ ਨਾਲ ਸਬੰਧਤ ਸੀ ਤੇ ਇਸ ਲਈ ਦੁਸ਼ਮਨ ਦਾ ਇਥੇ ਕੋਈ ਖਤਰਾ ਨਹੀਂ ਸੀ। ਇਥੇ ਪਾਲਕੀ ਦਾ ਇੰਤਜ਼ਾਮ

ਕਰਕੇ ਆਨੰਦਪੁਰ ਸਾਹਿਬ ਨੂੰ ਗਏ । ਜਿਥੋਂ ਇਹ ਵਿਮਾਨ—ਸੀਸ ਦੇ ਨਾਲ ਸੰਗਤਾਂ ਦਾਂ ਜਲੂਸ ਸ਼ੁਰੂ ਹੋਇਆ ਉੱਥੇ ਗੁਰਦੁਆਰਾ ਵਿਮਾਨ ਗੜ੍ਹ ਅਸਥਾਨ ਹੈ ।

ਇਕ ਛੋਟੀ ਸੁੰਦਰ ਪਾਲਕੀ ਨੂੰ ਕੀਮਤੀ ਦੁਸ਼ਾਲਿਆਂ ਤੇ ਫੁਲਾਂ ਨਾਲ ਸਜਾ ਕੇ ਉਸ ਵਿਚ ਗੁਰੂ ਸਾਹਿਬ ਦਾ ਸੀਸ ਸਜਾਇਆ ਗਿਆ ਤੇ ਕੀਰਤਨ ਕਰਦੀਆਂ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਪੁਜੀਆਂ । ਅੱਗੇ ਗੁਰੂ ਗੋਬਿੰਦ ਰਾਏ (ਸਿੰਘ), ਮਾਤਾ ਗੁਜਰੀ, ਮਾਮਾ ਕ੍ਰਿਪਾਲ ਜੀ ਅਤੇ ਗੁਰਸਿੱਖਾਂ ਨੇ ਸਵਾਗਤ ਕੀਤਾ ਤੇ ਸੀਸ ਗੰਜ (ਅਨੰਦਪੁਰ ਸਾਹਿਬ) ਦੇ ਅਸਥਾਨ ਤੇ ਸਸਕਾਰ ਕੀਤਾ ।

ਇਸ ਸਾਰੀ ਨਿਡਰਤਾ ਭਰੀ ਘਾਲਣਾ ਤੇ ਸੂਰਬੀਰਤਾ ਤੇ ਗੁਰੂ ਗੋਬਿੰਦ ਰਾਏ (ਸਿੰਘ) ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾਕੇ "ਰੰਘਰੇਟੇ ਗੁਰੂ ਕੇ ਬੇਟੇ" ਕਹਿ ਕੇ ਸਨਮਾਇਆ । ਬੇਅੰਤ ਅਸੀਸਾਂ ਬਖਸ਼ ਕੇ, ਰੰਘਰੇਟੇ ਸੂਰਬੀਰ ਨੂੰ ਦਸਤਾਰ ਤੇ ਚੋਲਾ ਬਖਸ਼ ਕੇ ਆਪਣੇ ਇਕ ਦਸਤੇ ਦਾ ਜ਼ੱਥੇਦਾਰ ਵੀ ਨੀਅਤ ਕੀਤਾ ।

ਗਿਆਨੀ ਗਿਆਨ ਸਿੰਘ ਜੀ ਨੇ ਖਾਲਸਾ ਤਵਾਰੀਖ ਵਿਚ ਲਿਖਿਆ ਹੈ ਕਿ ਬਾਬਾ ਜੀ ਨੇ ਗੁਰੂ ਸਾਹਿਬ ਨਾਲ ਹਰ ਜੰਗ ਵਿਚ ਹਿੱਸਾ ਲਿਆਂ, ਪਰ ਜੋ ਜੌਹਰ 1701 ਤੋਂ 1704 ਈ: ਦੇ ਯੁੱਧਾਂ ਵਿਚ ਵਿਖਾਏ ਉਹ ਵਰਨਣ ਯੋਗ ਹਨ ।

1701 ਤੋਂ 1704 ਈ: ਤਕ ਸ੍ਰੀ ਅਨੰਦਪੁਰ ਸਾਹਿਬ ਕਈ ਯੁਧ ਹੋਏ । ਇਹ ਯੁੱਧ ਦਿੱਲੀ ਦੀਆਂ ਸ਼ਾਹੀ ਫੌਜਾਂ, ਲਾਹੌਰ ਤੇ ਸਰਹੰਦ ਦੇ ਸੂਬੇਦਾਰਾਂ ਦੀਆਂ ਫੌਜਾਂ, ਜੋ ਪਹਾੜੀ ਹਿੰਦੂ ਰਾਜਿਆਂ ਦੇ ਸੱਦੇ ਤੇ ਸਹਾਇਤਾ ਲਈ ਆਈਆਂ ਸਨ, ਨਾਲ ਹੋਏ ਸਨ । ਗੁਰੂ ਸਾਹਿਬ ਨੇ 20 ਦਸੰਬਰ 1704 ਨੂੰ ਜੰਗ ਦਾ ਅਸਥਾਨ ਬਦਲਣ ਲਈ ਅਨੰਦਗੜ੍ਹ ਕਿਲਾ ਖਾਲੀ ਕਰ ਦਿੱਤਾ । ਪ੍ਰਵਾਰ ਤੇ ਖਾਲਸਾ ਫੌਜਾਂ ਸਮੇਤ ਕੀਰਤਪੁਰ ਸਾਹਿਬ ਤੇ ਘਨੌਲੀ ਨੂੰ ਚਲ ਪਏ । ਦੁਸ਼ਮਨ ਨੇ ਕੀਤੇ ਇਕਰਾਰਾਂ ਤੇ ਖਾਧੀਆਂ ਕਸਮਾਂ ਭੁਲਾ ਕੇ ਪਿੱਛਾ ਕਰਕੇ ਸਰਸਾ ਨਦੀ ਦੇ ਕੰਢੇ ਜਾ ਹੱਲਾ ਕੀਤਾ । ਇਥੇ ਘਮਸਾਨ ਦਾ ਜੰਗ ਹੋਇਆ, ਜੋ ਸਿੱਖ ਇਤਿਹਾਸ ਵਿਚ ਇਕ ਵਿਸ਼ੇਸ਼ ਜੰਗ ਆਖਿਆ ਜਾਂਦਾ ਹੈ ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਤੇ ਭਾਈ ਉਦੈ ਸਿੰਘ ਜੀ ਦੇ ਜਥੇ ਵੈਰੀਆਂ ਨੂੰ ਰੋਕਣ ਲਈ ਦੀਵਾਰ ਬਣਕੇ ਖਲੋ ਗਏ, ਤਾਂ ਜੋ ਗੁਰੂ ਸਾਹਿਬ ਤੇ ਪ੍ਰਵਾਰ ਸਰਸਾ ਪਾਰ ਕਰ ਜਾਣ, ਗੁਰੂ ਸਾਹਿਬ, ਹੋਰ ਫੌਜਾਂ ਤੇ ਪ੍ਰਵਾਰ ਨੇ ਸਰਸਾ ਨਦੀ ਪਾਰ ਕਰਨੀ ਸ਼ੁਰੂ ਕੀਤੀ । ਰਾਤ ਦੇ ਘੁੱਪ ਹਨੇਰੇ ਵਿਚ, ਸਰਸਾ ਦੇ ਠੰਢ ਤੇ ਤੇਜ਼ ਪਾਣੀ ਨੇ ਕਈ ਸਿੰਘਾਂ, ਸਿੰਘਣੀਆ ਤੇ ਬੱਚਿਆਂ ਦੀਆਂ ਜਾਨਾਂ ਹੜੱਪ ਕਰ ਲਈਆਂ । ਗੁਰੂ ਸਾਹਿਬ ਦਾ ਸਾਰਾ ਕੀਮਤੀ ਸਮਾਨ, ਵਿਦਿਆ-ਧਰ ਗ੍ਰੰਥ ਵੀ ਇਸ ਦੀ ਭੇਟਾ ਹ ਗਿਆ ਤੇ ਸਾਰੇ ਸਿੰਘ ਖੇਰੂੰ ਖੇਰੂੰ ਹੋ ਗਏ । ਉਧਰ ਵੈਰੀ ਨੇ ਬਾਬਾ ਅਜੀਤ ਸਿੰਘ ਜੀ ਤੇ ਭਾਈ ਉਦੇ ਸਿੰਘ ਨੂੰ ਘੇਰ ਲਿਆ । ਇਹ ਜਾਨ ਕੇ ਭਾਈ ਜੀਵਨ ਸਿੰਘ ਨੇ ਘੋੜੇ ਦੀਆਂ ਲਗਾਮਾਂ ਮੂੰਹ ਵਿਚ ਲੈ ਕੇ ਦੋਹਾਂ ਹੱਥਾਂ ਵਿਚ ਤਲਵਾਰਾਂ ਲੈ ਕੇ ਦੁਸ਼ਮਨ ਤੇ ਬਿਜਲੀ ਵਾਂਗ ਜਾ ਪਏ ਤੇ ਬਾਬਾ ਅਜੀਤ ਸਿੰਘ ਜੀ ਨੂੰ ਬਚਾ ਕੇ ਤੇ ਘੇਰਾ



ਤੋੜ ਕੇ ਨਿਕਲ ਗਏ ਗੁਰੂ ਜੀ ਨਾਲ ਆ ਮਿਲੇ ।

ਅਨੰਦਪੁਰ ਸਾਹਿਬ ਤੋਂ ਤੁਰਨ ਸਮੇਂ ਸਿੰਘਾਂ ਦੀ ਗਿਣਤੀ ਡੇਢ ਕੁ ਹਜ਼ਾਰ ਸੀ ਇਨ੍ਹਾਂ ਵਿਚੋਂ ਬੜੀ ਮੁਸ਼ਕਲ ਨਾਲ ਡੇਢ ਕੁ ਸੌ ਸਿੰਘ ਹੀ ਸਰਸਾ ਪਾਰ ਪਹੁੰਚ ਸਕੇ । ਕਾਫੀ ਖਿੰਡ ਖੁੰਡ ਗਏ ਤੇ ਕਾਫੀ ਸ਼ਹੀਦ ਹੋ ਗਏ । ਸਰਸਾ ਤੋਂ ਰੋਪੜ 11 ਮੀਲ ਹੈ । ਗੁਰੂ ਸਾਹਿਬ ਜੀ ਜਿਸ ਵੇਲੇ ਰੋਪੜ ਪੁੱਜੇ ਤਾਂ ਅਗੋਂ ਰੋਪੜੀ ਪਠਾਣ ਰਸਤਾ ਘੇਰ ਖਲੋਤੇ । ਪਠਾਣਾਂ ਦਾ ਮੂੰਹ ਭੰਨ ਕੇ ਸਤਿਗੁਰੂ ਜੀ ਬੂਰ ਮਾਜਰੇ ਤੇ ਬਾਮਣ-ਮਾਜਰੇ ਹੁੰਦੇ ਹੋਏ ਦਿਨ ਛਿਪਣ ਤਕ ਚਮਕੌਰ ਸਾਹਿਬ ਪਹੁੰਚ ਗਏ ।

ਚਮਕੌਰ ਦੇ ਵਸਨੀਕਾਂ ਨੇ ਗੁਰੂ ਸਾਹਿਬ ਨੂੰ ਇਕ ਹਵੇਲੀ (ਗੜ੍ਹੀ) ਦਿੱਤੀ । ਕਿਉਂਕਿ ਦੁਸ਼ਮਣ ਪਿੱਛਾ ਕਰ ਰਿਹਾ ਸੀ । ਇਸ ਲਈ ਗੁਰੂ ਸਾਹਿਬ ਨੇ ਇਥੇ ਮੋਰਚਾ ਬੰਦੀ ਕੀਤੀ । ਦੂਜੇ ਦਿਨ ਸਵੇਰੇ ਹੀ ਗੁਰੂ ਸਾਹਿਬ, ਸਾਹਿਬਜ਼ਾਦੇ ਤੇ ਕੁਝ ਸਿੰਘ ਅਟਾਰੀ ਤੇ ਜਾ ਬੈਠੇ । ਭਾਈ ਜੀਵਨ ਸਿੰਘ ਜੀ ਨੂੰ ਨਗਾਰੇ ਤੇ ਚੋਟ ਮਾਰਨ ਲਈ ਹੁਕਮ ਹੋਇਆ । [ਇਥੇ ਇਹ ਦਸਣਾ ਜ਼ਰੂਰੀ ਹੈ ਕਿ ਉਸ ਸਮੇਂ ਨਗਾਰਚੀ ਦੀ ਡਿਊਟੀ ਇਕ ਮਹੱਤਵ ਪੂਰਨ ਡਿਊਟੀ ਹੁੰਦੀ ਸੀ, ਨਾ ਕਿ ਅਜ ਕਲ ਦੇ ਤਰ੍ਹਾਂ ਦੀ] ਵੈਰੀਆਂ ਦੀ ਫੌਜ ਜਦ ਠੀਕ ਤੀਰਾਂ ਤੇ ਗੋਲੀਆਂ ਦੀ ਮਾਰ ਹੇਠ ਆਈ ਤਾਂ ਸੂਰਿਆਂ ਨੇ ਗੜ੍ਹੀ ਵਿਚੋਂ ਗੋਲੀਆਂ ਤੇ ਤੀਰਾਂ ਦੀ ਬੁਛਾੜ ਕੀਤੀ । ਫੌਜ ਅਗੇ ਵਧਣੋਂ ਰੁਕ ਗਈ ਤੇ ਉਹਨਾਂ ਘੇਰਾ ਪਾ ਲਿਆ । ਉਹਨਾ ਗੜ੍ਹੀ ਤੇ ਹੱਲੇ ਕਰਨ ਦੇ ਜਤਨ ਕੀਤੇ ਪਰ ਸਿੰਘਾਂ ਦੀ ਬਹਾਦਰੀ ਕਾਰਨ ਉਹ ਗੜ੍ਹੀ ਨੇੜ ਨ ਪੁਜ ਸਕੇ । ਅੰਤ ਸਿੰਘਾਂ ਪਾਸੋਂ ਤੀਰ, ਗੋਲੀਆਂ ਮੁਕਣ ਲਗੀਆਂ, ਹੁਣ ਸਵਾਏ ਹਥੋ ਹੱਥ ਲੜਾਈ ਦੇ ਕੋਈ ਚਾਰਾ ਨਹੀਂ ਸੀ । ਲੰਬਾ ਪਹਿਰ ਦਾ ਸਮਾਂ ਸੀ ਤੇ ਜ਼ਰੂਰੀ ਸੀ ਕਿ ਕਿਸੇ ਤਰੀਕੇ ਨਾਲ ਰਾਤ ਪੈਣ ਤਕ ਮੈਦਾਨ ਗਰਮ ਰਹੇ ਤਾਂ ਜੋ ਰਾਤ ਸਮੇਂ ਕੁਝ ਹੋਰ ਵਿਉਂਤ ਬਣਾਈ ਜਾ ਸਕੇ । ਇਸ ਲਈ ਸਿੰਘਾ ਨੇ ਛੋਟੇ ਛੋਟੇ ਜੱਥੇ ਬਣਾ ਕੇ ਬਾਹਰ ਭੇਜਣੇ ਆਰੰਭ ਕਰ ਦਿੱਤੇ । ਸ਼ਹੀਦੀਆਂ ਦਾ ਅਜਿਹਾ ਦੌਰ ਚਲਿਆ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਨੇ ਵੀ ਸ਼ਹੀਦੀ ਖਾਟਾ ਪੀਤਾ ।

ਸ਼ਾਮ ਪੈ ਗਈ, 12 ਸਿੰਘ ਕੇਵਲ ਗੜ੍ਹੀ ਵਿਚ ਰਹਿ ਗਏ । ਯੁਧ ਰੁਕ ਗਿਆ । ਗੁਰੂ ਸਾਹਿਬ ਨੂੰ ਪੰਜਾਂ ਸਿੰਘਾਂ ਨੇ ਹੁਕਮ ਦਿੱਤਾ ਕਿ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਉ ਤੇ ਜਾ ਕੇ ਦੁਬਾਰਾ ਗੁਰੂ ਪੰਥ ਦੀ ਬਹੁੜੀ ਕਰੋ । ਗੁਰੂ ਸਾਹਿਬ, ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਜੀ ਸਮੇਤ ਗੜ੍ਹੀ ਤੋਂ ਇਕ ਖਾਸ ਵਿਉਂਤ ਅਨੁਸਾਰ ਨਿਕਲੇ ਤੇ ਵੈਰੀ ਨੂੰ ਇਹੋ ਜਿਹ ਚੱਕਰ ਵਿਚ ਪਾਇਆ ਕਿ ਉਹ ਆਪਸ ਵਿਚ ਲੜ ਮਰੇ ।

ਦੂਸਰੇ ਦਿਨ ਵੈਰੀ ਬਹੁਤ ਦੁਖੀ ਸੀ ਕਿਉਂਕਿ ਰਾਤ ਨੂੰ ਗੁਰੂ ਸਾਹਿਬ ਵਿਉਂਤ ਬਣਾਕੇ ਨਿਕਲ ਗਏ ਸਨ ਤੇ ਵੈਰੀ ਆਪਸ ਵਿਚ ਕਾਫੀ ਲੜ ਮਰ ਸਨ । ਜਾਣ ਤੋਂ ਪਹਿਲਾਂ ਗੁਰੂ ਸਾਹਿਬ ਵੈਰੀ ਨੂੰ ਭੁਲੇਖਾ ਪਾਉਣ-ਹਿਤ, ਕਲਗੀ, ਭਾਈ ਸੰਗਤ ਸਿੰਘ ਜੀ ਨੂੰ ਦੇ ਗਏ ਸਨ ।

ਵੈਰੀ ਨੇ ਗੜ੍ਹੀ ਤੇ ਹੱਲਾ ਕਰ ਦਿੱਤਾ । ਸਿੰਘਾਂ ਨੇ ਤਲਵਾਰ ਦੇ ਬਹੁਤ ਜੌਹਰ

ਦਿਖਾਏ। ਭਾਈ ਜੀਵਨ ਸਿੰਘ ਜੀ ਇਕ ਬੁਰਜ ਵਿਚ ਬੈਠੇ ਆਪਣੀ ਬੰਦੂਕ ਨਾਲ ਵੈਰੀ ਭੁੰਨ ਰਹੇ ਸਨ। ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਭਾਈ ਰਤਨ ਸਿੰਘ ਜੀ ਭੰਗੂ ਪੰਨਾ 58 ਤੇ ਇਉਂ ਲਿਖਦੇ ਹਨ :

ਜੀਵਨ ਸਿੰਘ ਰੰਗਰੇਟੜੇ, ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੋ ਬਹਯੋ, ਏਕਲ ਹੀ ਥੋ ਪਾਇ।

ਅੰਤ ਨੂੰ ਸਾਰੇ ਸਿੰਘ ਸ਼ਹੀਦ ਹੋ ਗਏ। ਭਾਈ ਜੀਵਨ ਸਿੰਘ ਜੀ ਨੇ ਜਿਥੇ ਬੈਠ ਕੇ ਜੰਗ ਕੀਤਾ ਸੀ ਉਥੇ ਉਹਨਾਂ ਦੀ ਪਵਿਤ੍ਰ ਯਾਦ ਵਿਚ ਗੁਰਦੁਆਰਾ 'ਸ਼ਹੀਦੀ ਬੁਰਜ ਬਾਬਾ ਜੀਵਨ ਸਿੰਘ ਜੀ' ਅਸਥਾਪਤ ਹੈ। ਬਾਬਾ ਜੀ ਦੀ ਸ਼ਹੀਦੀ 23 ਦਸੰਬਰ 1704 ਈ: ਨੂੰ ਹੋਈ ਸੀ।

## 4. ਭਾਈ ਬਚਿੱਤਰ ਸਿੰਘ

ਭਾਈ ਬਚਿੱਤਰ ਸਿੰਘ ਜੀ ਪੰਜ ਭਰਾ ਸਨ। ਸਭ ਤੋਂ ਵੱਡਾ ਭਾਈ ਉਦੈ ਸਿੰਘ ਜੀ ਅਤੇ ਦੂਜੇ ਭਾਈ ਅਜੈਬ ਸਿੰਘ, ਅਜਾਇਬ ਸਿੰਘ ਤੇ ਅਨੇਕ ਸਿੰਘ ਸਨ।

ਇਹਨਾਂ ਦੇ ਪਿਤਾ ਦਾ ਨਾਮ ਭਾਈ ਮਨੀਆ ਸੀ, ਜੋ ਇਕ ਰਾਜਪੂਤ ਮਾਈ ਦਾਸ ਦਾ ਪੁਤਰ ਸੀ ਅਤੇ ਜ਼ਿਲਾ ਮੁਲਤਾਨ ਦੇ ਇਕ ਪਿੰਡ ਅਲੀਪੁਰ ਦਾ ਵਸਨੀਕ ਸੀ। (ਇਸ ਮਾਈਦਾਸ ਨੇ ਗੁਰੂ ਤੀਜੇ ਪਾਤਸ਼ਾਹ ਦੇ ਸਮੇਂ ਵੈਸ਼ਨਵ ਮਤ ਛੱਡ ਕੇ ਸਿੱਖੀ ਧਾਰਨ ਕੀਤੀ ਸੀ ਅਤੇ ਮੰਜੀਦਾਰ ਥਾਪਿਆ ਗਿਆ ਸੀ।

ਭਾਈ ਮਨੀਆ ਜਦ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆਇਆ ਤਾਂ ਪੰਜੇ ਪੁੱਤਰ ਗੁਰੂ ਘਰ ਵਾਸਤੇ ਅਰਪਣ ਕੀਤੇ। ਇਸੇ ਸਮੇਂ ਸੰਨ 1692 ਵਿਚ ਭਾਈ ਨੰਦ ਨਾਲ ਜੀ ਪਹਿਲੀ ਵਾਰ ਮੁਲਤਾਨ ਤੋਂ ਆਨੰਦਪੁਰ ਸਾਹਿਬ ਆਏ ਸਨ। ਇਹ ਪੰਜੇ ਭਰਾ ਗੁਰੂ ਦਰਬਾਰ ਵਿਚ ਹੀ ਰਹੇ ਅਤੇ ਗੁਰੂ ਸਾਹਿਬ ਦੀ ਸਰਪ੍ਰਸਤੀ ਵਿਚ ਇਹਨਾਂ ਦੀ ਤਿਆਰੀ ਹੁੰਦੀ ਰਹੀ। ਸੰਨ 1699 ਦੀ ਵਿਸਾਖੀ ਵਾਲੇ ਦਿਨ ਹਜ਼ਾਰਾਂ ਸਿੰਘਾਂ ਨਾਲ ਇਨ੍ਹਾਂ ਪੰਜ ਭਰਾਵਾਂ ਨੇ ਆਪਣੇ ਪਿਤਾ ਸਮੇਤ ਖੰਡੇ ਦੀ ਪਾਹੁਲ ਲਈ। ਭਾਈ ਮਨੀਆ ਅੰਮ੍ਰਿਤ ਛਕ ਕੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਇਹਨਾਂ ਪੰਜਾਂ ਭਰਾਵਾਂ ਨੇ ਕਲਗੀਧਰ ਜੀ ਦੀ ਸੇਵਾ ਵਿਚ ਰਹਿ ਕੇ ਖੂਬ ਸੇਵਾ ਕੀਤੀ ਤੇ ਜੱਸ ਖਟਿਆ। ਇਹ ਸਾਰੇ ਬਹਾਦਰ ਸਨ ਤੇ ਯੁਧਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਸਭ ਤੋਂ ਛੋਟੇ ਭਾਈ ਬਚਿੱਤਰ ਸਿੰਘ ਦਾ ਅਨੰਦਪੁਰ ਦੀ ਦੂਜੀ ਲੜਾਈ ਵਿਚ ਕੀਤਾ ਕਾਰਨਾਮਾ ਸਿੱਖ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਹੋਇਆ ਹੈ। ਉਥੇ ਉਹਨਾਂ ਨੇ ਮਸਤ ਹਾਥੀ ਦਾ ਮੁਕਾਬਲਾ ਉਸ ਦਲੇਰੀ ਨਾਲ ਕੀਤਾ, ਜਿਸ ਦੀ ਮਿਸਾਲ ਨਹੀਂ ਲਭਦੀ।

ਇਹ ਸੰਨ 1701 ਦਾ ਜ਼ਿਕਰ ਹੈ। ਗੁਜਰਾਂ ਦੇ ਆਗੂ ਜਮਤੁਲਾ ਨੇ ਭੀਮ ਚੰਦ ਦੇ ਮਜਬੂਰ ਕਰਨ ਤੇ ਹਮਲਾ ਕੀਤਾ ਤਾਂ ਭਾਈ ਬਚਿੱਤਰ ਸਿੰਘ, ਭਾਈ ਆਲਮ ਸਿੰਘ, ਭਾਈ ਦਯਾ ਸਿੰਘ ਤੇ ਹੋਰ ਕੁਝ ਸਿੰਘਾਂ ਨੇ ਦੁਸ਼ਮਨ ਦਾ ਮੂੰਹ ਤੋੜ ਮੁਕਾਬਲਾ ਕੀਤਾ। ਜਦ ਹਿੰਦੂ ਰਾਜਿਆਂ ਨੇ ਵੇਖ ਲਿਆ ਕਿ ਉਹਨਾ ਦੇ ਹਥਿਆਰ ਸਿੰਘਾਂ ਦੇ ਸਾਹਮਣੇ ਖੁੰਡੇ ਹੋ ਗਏ ਹਨ ਤਾਂ ਸ਼ਸਤਰਾਂ ਨਾਲ ਟਾਕਰਾ ਕਰਨ ਦੇ ਥਾਂ ਫੈਸਲਾ ਕੀਤਾ ਕਿ ਅਨੰਦਪੁਰ ਸਾਹਿਬ ਨੂੰ ਚੁਫੇਰਿਉਂ ਘੇਰ ਲਿਆ ਜਾਵੇ ਤੇ ਬਾਹਰੋਂ ਰਸਦ ਆਦਿ ਆਉਣੀ ਬੰਦ ਕਰ ਦਿਤੀ ਜਾਵੇ। ਵੀਹ ਦਿਨ ਘੇਰਾ ਪਿਆ ਰਿਹਾ ਜਦ ਗੁਰੂ ਸਾਹਿਬ ਉਤੇ ਕੋਈ ਅਸਰ ਨਾ ਹੋਇਆ ਤਾਂ ਉਹ ਕਾਹਲੇ ਪੈ ਗਏ। ਦੋ-ਟੁਕ ਫੈਸਲਾ ਕਰਨ ਲਈ ਲੋਹਗੜ੍ਹ ਦਾ ਫਾਟਕ ਤੋੜਨ ਦੀ ਤਜਵੀਜ਼ ਬਣਾਈ ਗਈ। ਇਕ ਬਹੁਤ ਤਾਕਤਵਰ ਹਾਥੀ ਨੂੰ ਸ਼ਰਾਬ ਪਿਲਾ ਕੇ ਉਸ ਦੇ ਮੱਥੇ ਤੇ ਲੋਹੇ ਦੇ ਤਵੇ ਬੰਨ੍ਹੇ ਗਏ ਅਤੇ ਲੋਹਗੜ੍ਹ ਦਾ ਫਾਟਕ ਤੋੜਨ ਲਈ ਅਗੇ ਵਧੇ। ਜਸਵਾਲੀਏ ਕੇਸਰ ਚੰਦ ਨੇ ਸੌਂਹ ਖਾਧੀ ਕਿ ਅਜ ਸਿੰਘਾਂ ਦੇ ਮੋਰਚੇ ਤੋੜ ਕੇ ਅਨੰਦਪੁਰ ਵਿਚ ਜਾ ਦਾਖਲ ਹੋਣਾ ਹੈ। ਮਸਤ ਹਾਥੀ ਦੇ ਪਿਛੇ ਹਿੰਦੂ ਪਹਾੜੀ ਰਾਜਿਆਂ ਦੀਆਂ ਫੌਜਾਂ ਵੀ ਸਨ।

ਇਸ ਹਾਥੀ ਦੇ ਮੁਕਾਬਲੇ ਲਈ ਭਾਈ ਬਚਿਤਰ ਸਿੰਘ ਨੂੰ ਸਤਿਗੁਰਾਂ ਨੇ ਤਿਆਰ ਕੀਤਾ ਅਤੇ ਉਸ ਦੇ ਨਾਲ ਹੋਰ ਸੱਨਧ-ਬਧ ਸਿੰਘ ਤੋਰ ਦਿਤੇ। ਭਾਈ ਬਚਿੱਤਰ ਸਿੰਘ ਨੂੰ ਇਕ ਖਾਸ ਨੋਕ ਵਾਲਾ ਬਰਛਾ (ਨੇਜ਼ਾ) ਦਿਤਾ ਗਿਆ ਜਿਸ ਨੂੰ ਸਿੱਖ ਇਤਿਹਾਸ ਨੇ ਨਾਗਨੀ ਬਰਛਾ ਕਰਕੇ ਬਿਆਨ ਕੀਤਾ ਹੈ। (ਇਹ ਬਰਛਾ ਅੱਜ ਵੀ ਅਨੰਦਪੁਰ ਸਾਹਿਬ ਪਿਆ ਹੈ।) ਲੋਹਗੜ੍ਹ ਦਾ ਦਰਵਾਜ਼ਾ ਖੋਲ੍ਹਕੇ ਭਾਈ ਬਚਿਤਰ ਸਿੰਘ ਨੇ ਹਾਥੀ ਨੂੰ ਜਾ ਲਲਕਾਰਿਆ। ਸਿੱਖ ਇਤਿਹਾਸ ਬਿਆਨ ਕਰਦਾ ਹੈ ਕਿ ਭਾਈ ਬਚਿਤਰ ਸਿੰਘ ਨੇ ਫੁਰਤੀ ਨਾਲ ਘੋੜੇ ਦੀਆਂ ਰਕਾਬਾਂ ਵਿਚ ਖੜੇ ਹੋ ਕੇ ਇਤਨੇ ਜ਼ੋਰ ਦਾ ਬਰਛਾ ਮਾਰਿਆ ਕਿ ਉਹ ਹਾਥੀ ਦੇ ਮੱਥੇ ਨੂੰ ਵਿੰਨ੍ਹ ਗਿਆ। ਹਾਥੀ ਬੜੀ ਬੁਰੀ ਤਰ੍ਹਾਂ ਜ਼ਖਮੀ ਹੋਇਆ ਅਤੇ ਪਿਛੇ ਨੂੰ ਨਸ ਪਿਆ। ਮਹਾਵਤ ਉਤੋਂ ਡਿਗ ਪਿਆ ਅਤੇ ਹਾਥੀ ਪਹਾੜੀ ਫੌਜਾਂ ਨੂੰ ਲਿਤਾੜਦਾ ਹੋਇਆ ਨੱਸ ਤੁਰਿਆ। ਇਧਰੋਂ ਸਿੰਘਾਂ ਨੇ ਹਮਲਾ ਕਰ ਦਿਤਾ। ਕੇਸਰੀ ਚੰਦ ਇਸ ਹਮਲੇ ਵਿਚ ਘੋੜੇ ਤੋਂ ਡਿਗ ਕੇ ਫਟੜ ਹੋ ਗਿਆ। ਹਜ਼ੂਰੀਆ ਅਤੇ ਕਹਿਲੂਰੀਆ ਭੀ ਜ਼ਖਮੀ ਹੋਏ।

## 5. ਛੋਟੇ ਸਾਹਿਬਜ਼ਾਦੇ

ਸਿੱਖ ਇਤਿਹਾਸ ਦੇ ਉਪਲਬਧ ਪਤਰਿਆਂ ਨੇ ਅਨੇਕਾਂ ਸ਼ਹੀਦਾਂ ਦੇ ਕਾਰਨਾਮੇ ਦਰਸਾਏ ਹਨ, ਪਰ ਫਿਰ ਭੀ ਕਿਤਨੇ ਹੀ ਸ਼ਹੀਦ ਗੁਮਨਾਮ ਹਨ ਅਤੇ ਇਤਿਹਾਸਕਾਰ ਦੀਆਂ ਨਜ਼ਰਾਂ ਸਾਹਮਣੇ ਨਹੀਂ ਆ ਸਕੇ। ਸ਼ਹੀਦੀ ਪ੍ਰਾਪਤ ਕਰਨ ਵਾਲੇ ਲੱਖਾਂ ਹੀ ਸ਼ਹੀਦਾਂ ਵਿਚੋਂ ਇਕ ਇਕ ਸ਼ਹੀਦੀ, ਆਉਣ ਵਾਲੀਆਂ ਪੀੜ੍ਹੀਆਂ ਦੀ ਅਗਵਾਈ ਕਰਦੀ ਰਹੇਗੀ ਅਤੇ ਸਚਾਈ ਉਤੇ ਦ੍ਰਿੜਤਾ ਕਾਇਮ ਰੱਖਣ ਲਈ ਹੌਂਸਲਾ ਅਤੇ ਹਿੰਮਤ ਬਖਸ਼ਦੀ ਰਹੇਗੀ। ਪਰ ਇਹ ਤਾਂ ਹੀ ਸੰਭਵ ਹੈ ਜੇ ਐਸੀਆਂ ਮਹਾਨ ਸ਼ਹੀਦੀਆਂ ਆਪਣੇ ਸਹੀ ਰੂਪ ਵਿਚ ਮਨੁਖਤਾ ਦੇ ਸਾਹਮਣੇ ਆਉਂਦੀਆਂ ਰਹਿਣ। ਸਿੱਖ ਇਤਿਹਾਸ ਦੀਆਂ ਅਨੇਕ ਮਹਾਨ ਸ਼ਹੀਦੀਆਂ ਵਿਚੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੇ ਜੋ ਅਦੁਤੀ ਕੁਰਬਾਨੀ ਦਾ ਕਾਰਨਾਮਾ ਕੀਤਾ ਹੈ, ਉਸ ਤੋਂ ਹੀ ਜ਼ਾਹਿਰ ਹੁੰਦਾ ਹੈ ਕਿ ਸਤਿਗੁਰਾਂ ਦੀ

ਮਹਾਨ ਫਿਲਾਸਫੀ, ਸੱਚ ਉਤੇ ਪਹਿਰਾ ਦੇਣ ਲਈ ਇਤਨੀ ਦ੍ਰਿੜਤਾ ਅਤੇ ਹਿੰਮਤ ਬਖਸ਼ੀ ਹੈ।

ਅਸੀਂ ਸਹਿਜੇ ਹੀ ਗਾ-ਗਾ ਕੇ ਬਿਆਨ ਕਰ ਜਾਂਦੇ ਹਾਂ, ਕਿ 8 ਸਾਲ ਤੇ 6 ਸਾਲ ਦੀ ਉਮਰ ਦੇ ਦੋ ਸਾਹਿਬਜ਼ਾਦਿਆਂ ਨੇ ਨੀਹਾਂ ਵਿਚ ਚਿਣ ਕੇ ਸ਼ਹੀਦੀ ਪ੍ਰਾਪਤ ਕਰ ਲਈ, ਪਰ ਇਹ ਕਿੰਨਾ ਮਹਾਨ ਅਤੇ ਵੱਡਾ ਕਾਰਨਾਮਾ ਸੀ, ਨੂੰ ਸਮਝਣਾ-ਸਮਝਾਣਾ ਅਤੀ ਜ਼ਰੂਰੀ ਹੈ। ਇਸ ਸ਼ਹੀਦੀ ਬਾਰੇ ਕੁਝ ਕੁ ਨੁਕਤੇ ਧਿਆਨ ਮੰਗਦੇ ਹਨ। ਪਹਿਲਾ, ਇਹ ਸ਼ਹੀਦੀ ਕਿਸ ਮਨੋਰਥ ਦੀ ਪ੍ਰਾਪਤੀ ਲਈ ਦਿੱਤੀ ਗਈ। ਦੂਜਾ, ਮੌਤ ਤੋਂ ਬੱਚ ਕੇ, ਸੁਖ-ਆਰਾਮ ਦੀ ਜ਼ਿੰਦਗੀ ਨੂੰ ਕਿਉਂ ਨਾ ਅਪਣਾਇਆ ਗਿਆ ? ਤੀਸਰਾ, ਕੀ ਜਾਬਰ ਆਪਣੇ ਉਦੇਸ਼ਾਂ ਵਿਚ ਕਾਮਯਾਬ ਹੋ ਸਕਿਆ ?

ਪਹਿਲੀ ਗੱਲ ਤਾਂ ਇਹ ਸਿੱਧ ਹੁੰਦੀ ਹੈ ਕਿ ਗੁਰਮਤਿ ਦੀ ਵਿਚਾਰਧਾਰਾ ਭਾਵੇਂ ਕਿੰਨੀ ਆਯੂ ਵਾਲੇ ਮਨੁੱਖ ਪਾਸ ਹੀ ਕਿਉਂ ਨ ਪਹੁੰਚੇ, ਉਸ ਵਿਚ ਗੁਰਮਤਿ ਦੇ ਗੁਣ ਜ਼ਰੂਰ ਭਰ ਜਾਣਗੇ। ਫਿਰ ਇਹ ਦ੍ਰਿੜਤਾ ਵੀ ਇਸ ਵਿਚਾਰਧਾਰਾ ਨੇ ਕਮਾਲ ਦੀ ਭਰੀ ਕਿ ਸੰਸਾਰ ਦੇ ਸੁਖ-ਆਰਾਮ ਵੀ ਸਾਹਿਬਜ਼ਾਦਿਆਂ ਨੂੰ ਝੁਲਾ ਨ ਸਕੇ। ਬਾਬਰ ਇਹ ਸਮਝ ਬੈਠਾ ਸੀ ਕਿ ਸ਼ਾਇਦ ਤਲਵਾਰ ਨਾਲ ਗੁਰਮਤਿ ਦੇ ਧਾਰਨੀਆਂ ਨੂੰ ਧਰਮ ਛਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ, ਪਰ ਉਸਦੀ ਵੱਡੀ ਹਾਰ ਹੋਈ, ਜਦੋਂ ਉਹ ਆਪਣੇ ਮਿਸ਼ਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਇਆ।

ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਮੱਘਰ ਸੁਦੀ 3, ਸੰਮਤ 1753 (ਸੰਨ 1696) ਅਤੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਫੱਗਣ ਸੁਦੀ 7, ਸੰਮਤ 1755 (ਸੰਨ 1698) ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ। ਇਹ ਸ਼ਹੀਦੀ ਸਾਕਾ 27 ਦਸੰਬਰ ਸੰਨ 1704 ਨੂੰ ਸਰਹੰਦ ਵਿਖੇ ਹੋਇਆ।। ਉਸ ਸਮੇਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਆਯੂ 8 ਅਤੇ 6 ਸਾਲ ਸੀ ਇਸ ਸਾਕੇ ਦਾ ਪਿਛੋਕੜ ਇਸ ਪ੍ਰਕਾਰ ਹੈ :

ਹਿੰਦੂ ਧਰਮ ਸ਼ਾਸਤ੍ਰਾਂ ਅਨੁਸਾਰ ਜੰਮਣ ਤੋਂ ਮਰਨ ਸਮੇਂ ਤਕ ਹਿੰਦੂ ਪ੍ਰਾਣੀ ਦਾ ਸਾਰਾ ਜੀਵਨ ਬ੍ਰਾਹਮਣ ਦੀ ਅਗਵਾਈ ਦਾ ਮੁਥਾਜ ਹੈ। ਕਰਮ-ਕਾਂਡ ਦਾ ਇਕ ਭਾਰਾ ਗੁੰਝਲਦਾਰ ਜਾਲ ਹਿੰਦੂ ਦੀ ਜ਼ਿੰਦਗੀ ਦੇ ਚੁਫੇਰੇ ਤਣਿਆ ਹੋਇਆ ਹੈ। ਕੋਈ ਹਿੰਦੂ ਇਸ ਦੀ ਉਲੰਘਣਾ ਕਰਨ ਦੀ ਦਲੇਰੀ ਨਹੀਂ ਕਰ ਸਕਦਾ। ਬ੍ਰਾਹਮਣ ਨੇ ਆਪਣੇ ਪੇਟ, ਸੁਖ, ਆਰਾਮ, ਐਸ਼ੋ-ਇਸ਼ਰਤ ਵਾਸਤੇ ਐਸੇ ਪ੍ਰਬੰਧ ਕੀਤੇ ਹੋਏ ਸਨ ਕਿ ਕੇਵਲ ਖੱਤ੍ਰੀਆਂ ਨੂੰ ਛੱਡ ਕੇ ਜੋ ਬ੍ਰਾਹਮਣ ਦੀ ਰਖਿਆ ਕਰ ਸਕਣ, ਬਾਕੀ ਸਭ ਨੂੰ ਮਨੁੱਖ ਦੇ ਸਾਰੇ ਕਰਮਾਂ ਤੋਂ ਵਾਂਝਿਆ ਕਰ ਦਿੱਤਾ ਸੀ। ਮਨੁਖਤਾ ਦਾ ਬਹੁਤ ਵੱਡਾ ਹਿੱਸਾ ਇਸ ਦੇ ਜੂਲੇ ਹੇਠ ਸਦੀਆਂ ਤੋਂ ਦਬਿਆ ਆ ਰਿਹਾ ਸੀ। ਇਸ ਨਾਲ ਛੂਤ-ਛਾਤ ਅਤੇ ਵੱਡੀ ਛੋਟੀ ਜ਼ਾਤ ਦਾ ਅਭਿਮਾਨ ਬਹੁਤ ਸਿਖਰ ਤੇ ਪਹੁੰਚ ਚੁਕਾ ਸੀ। ਇਹਨਾਂ ਸਮਾਜਕ ਲਾਹਨਤਾਂ ਨੂੰ ਦੂਰ ਕਰਨ ਲਈ ਅਤੇ ਮਨੁਖ ਨੂੰ ਸਹੀ ਧਰਮ ਦੀ ਜਾਣਕਾਰੀ ਦੇਣ ਹਿਤ ਗੁਰੂ ਨਾਨਕ ਸਾਹਿਬ ਨੇ ਅਮਲੀ ਕਦਮ ਚੁਕੇ ਅਤੇ ਸਤਿ-ਸੰਗ ਵਿਚ ਕੜਾਹ ਪ੍ਰਸ਼ਾਦ ਅਤੇ ਸਾਂਝੇ ਗੁਰੂ ਕੇ ਲੰਗਰ ਦੀਆਂ ਮਰਯਾਦਾ ਚਲਾਈਆਂ।



ਬ੍ਰਾਹਮਣ ਫਿਰ ਵੀ ਆਸ ਲਾਈ ਬੈਠੇ ਸਨ ਕਿ ਸ਼ਾਇਦ ਗੁਰੂ ਜੀ ਸਾਨੂੰ ਵੀ ਕੁਝ ਮਾਨ-ਸਤਿਕਾਰ ਦੇਣਗੇ, ਪਰ ਹੋਇਆ ਇਸ ਦੇ ਉਲਟ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ਾਰਾਂ ਦੇ ਇਕੱਠ ਵਿਚ ਖੁਲ੍ਹਮ-ਖੁਲ੍ਹ ਕਹਿ ਦਿੱਤਾ ਕਿ ਸੇਵਾ-ਪੂਜਾ ਕਿਸੇ ਦਾ ਭੀ ਕੋਈ ਖਾਨਦਾਨੀ ਹੱਕ ਨਹੀਂ ਹੈ। ਬ੍ਰਾਹਮਣ ਨੂੰ ਹੁਣ ਵੀ ਆਸ ਸੀ ਕਿ ਚਲੋ ਲੰਗਰ ਵਿਚ ਪਹਿਲ ਹੀ ਸਾਡੀ ਰਹਿ ਜਾਵੇ ਤਾਂ ਵੀ ਠੀਕ ਹੈ, ਪਰ ਗੁਰੂ ਸਾਹਿਬ ਨੇ ਸਾਫ ਪ੍ਰਗਟ ਕਰ ਦਿੱਤਾ ਕਿ ਪੰਡਤ ਜੀ :—

ਜੋ ਕਿਛੁ ਲੇਖੁ ਲਿਖਿਓ ਬਿਧਨਾ, ਸੋਈ ਪਾਈਅਤ ਮਿਸ੍ਰ ਜੂ ਸ਼ੋਕੁ ਨਿਵਾਰੋ।
ਮੇਰੋ ਕਛੂ ਅਪਰਾਧੁ ਨਹੀਂ, ਗਯੋ ਯਾਦਿ ਤੇ ਭੂਲਿ ਨ ਕੋਪ ਚਿਤਾਰੋ।
ਬਾਗੋ ਨਿਹਾਲੀ ਪਠੈ ਦੈਹੌਂ, ਆਜ ਭਲੇ ਤੁਮ ਕੋ, ਨਿਹਚੈ ਜੀ ਧਾਰੋ।
ਛੱਤ੍ਰੀ ਸਭੈ ਕ੍ਰਿਤ ਬਿਪ੍ਰਨ ਕੇ, ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ।
ਚਟਪਟਾਇ ਚਿੱਤ ਮੈ ਜਰਿਓ ਤ੍ਰਿਣ ਜਿਉਂ ਕਰੋਧਤ ਹੋਇ।
ਖੋਜੀ ਰੋਜਿ ਕੇ ਹੇਤਿ ਲਗਿ, ਦਯੋ ਮਿਸ੍ਰ ਜੂ ਰੋਇ।

ਅਤੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਛਕਾ ਕੇ ਵਰਨ-ਵਿਤਕਰੇ ਦਾ ਲੱਕ ਹੀ ਤੋੜ ਕੇ ਰੱਖ ਦਿੱਤਾ, ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਉਚੀ ਪਦਵੀ ਦਾ ਮਾਲਕ ਬਣਾ ਦਿਤਾ, ਕਿਉਂਕਿ ਹਰ ਧਾਰਮਕ ਕੰਮ ਵਿਚ ਉਹ ਬਿਨਾਂ ਵਿਤਕਰੇ ਦੇ ਹਿੱਸਾ ਲੈ ਸਕਦੇ ਸਨ।

ਇਸ ਤਰ੍ਹਾਂ ਜਿਉਂ ਜਿਉਂ ਸਤਿਗੁਰਾਂ ਦੇ ਪ੍ਰਚਾਰ ਦਾ ਘੇਰਾ ਵਧਦਾ ਗਿਆ, ਬ੍ਰਾਹਮਣ ਅਤੇ ਖਤ੍ਰੀ ਵਰਗ ਦੀ ਗੁਰੂ ਘਰ ਨਾਲ ਟਕਰ ਵੀ ਦਿਨੋ ਦਿਨ ਹੋਰ ਜ਼ੋਰ ਪਕੜਦੀ ਗਈ। ਦਸਵੇਂ ਪਾਤਸ਼ਾਹ ਤਕ ਤਾਂ ਇਸ ਟੱਕਰ ਨੇ ਭਿਆਨਕ ਸਰੂਪ ਧਾਰਨ ਕਰ ਲਿਆ ਕਿਉਂਕਿ ਸਿੱਖਾਂ ਦੀ ਗਿਣਤੀ ਦਿਨੋ ਦਿਨ ਬੜੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਖਾਸ ਕਰ ਨੀਵੀਆਂ ਜ਼ਾਤਾਂ ਦੇ ਸਮਝੇ ਜਾਣ ਵਾਲੇ ਮਨੁਖ ਸਦੀਆਂ ਦੇ ਬੰਧਨਾਂ ਤੋਂ ਅਜ਼ਾਦ ਹੋ ਖੜੋਤੇ। ਦਸਵੇਂ ਪਾਤਸ਼ਾਹ ਦੇ ਸਮੇਂ ਬ੍ਰਾਹਮਣਾਂ ਦੀ ਅਗਵਾਈ ਹੇਠ, ਪਹਾੜੀ ਹਿੰਦੂ ਰਾਜਿਆਂ ਨੇ ਗੁਰ ਗੱਦੀ ਨੂੰ ਸਮਾਪਤ ਕਰਨ ਦੇ ਸਾਰੇ ਯਤਨ ਜੁਟਾ ਦਿਤੇ ਅਤੇ ਜਦ ਦੇਖਿਓ ਨੇ ਸਿੱਖ ਫੌਜਾਂ ਦੇ ਹਥੋਂ ਬਾਰ-ਬਾਰ ਮੂੰਹ ਦੀ ਖਾਣੀ ਪੈ ਰਹੀ ਹੈ ਤਾਂ ਮੁਗਲ ਹਕੂਮਤ ਨੂੰ ਜਾ ਚੁਕਿਆ। ਮੁਗਲ ਹਕੂਮਤ ਵੀ ਮਹਿਸੂਸ ਕਰਦੀ ਸੀ ਕਿ ਗੁਰੂ ਨਾਨਕ ਦੇ ਨਾਮ ਲੇਵਾ ਇਤਨੀ ਭਾਰੀ ਗਿਣਤੀ ਵਿਚ ਹੋ ਗਏ ਹਨ ਅਤੇ ਫੌਜਾਂ ਕਿਲ੍ਹੇ ਬਣਾ ਕੇ ਰਾਜਨੀਤੀ ਵਿਚ ਵੀ ਹਿੱਸਾ ਲੈ ਰਹੇ ਹਨ, ਇਸ ਲਈ ਉਹਨਾਂ ਨੂੰ ਵੀ ਖਤਰਾ ਮਹਿਸੂਸ ਹੋਣ ਲੱਗਾ।

ਜਦ ਲੱਖਾਂ ਦੀ ਗਿਣਤੀ ਵਿਚ, ਅੰਮ੍ਰਿਤ ਦੀ ਨਵੀਂ ਵਿਧੀ ਅਧੀਨ, ਸਿੰਘ ਸਜਣੇ ਸ਼ੁਰੂ ਹੋ ਗਏ ਤਾਂ ਜਾਂਦੀ ਬਾਜ਼ੀ ਦੇਖ ਕੇ ਬ੍ਰਾਹਮਣ ਅਤੇ ਖਤ੍ਰੀ ਨੇ ਗੁਰੂ ਨਾਨਕ ਦੀ ਗੱਦੀ ਨੂੰ ਸਮਾਪਤ ਕਰਨ ਦੇ ਪ੍ਰਣ ਕੀਤੇ ਅਤੇ ਹਰ ਹੀਲਾ ਵਰਤਣਾ ਆਰੰਭ ਕਰ ਦਿੱਤਾ। ਉਹਨਾਂ ਨੇ ਮੁਗਲ ਹਕੂਮਤ ਨੂੰ ਆਪਣੀਆਂ ਕੋਝੀਆਂ ਸਕੀਮਾਂ ਰਾਹੀਂ ਗੁਰੂ ਗੋਬਿੰਦ ਸਿੰਘ ਅਤੇ ਖਾਲਸੇ

ਵਿਰੁਧ ਲਿਆ ਖੜਾ ਕੀਤਾ । ਪਰ ਗੁਰਮਤਿ ਦੀ ਧਾਰਨੀ ਦੇ ਆਪਣੇ ਧਰਮ ਦੇ ਅਸੂਲਾਂ ਦੀ ਰਖਿਆ ਹਿਤ ਡਟ ਗਏ । ਇਸ ਤਰ੍ਹਾਂ ਸੰਨ 1701 ਤੋਂ 1704 ਤਕ ਚਾਰ ਵੱਡੀਆਂ ਲੜਾਈਆਂ ਆਨੰਦਪੁਰ ਸਾਹਿਬ ਵਿਖੇ ਹੋਈਆਂ ਅਤੇ ਚਾਰੇ ਵਾਰ ਹਿੰਦੂ ਰਾਜੇ ਅਤੇ ਮੁਗਲਾਂ ਨੂੰ ਮੂੰਹ ਦੀ ਖਾਣੀ ਪਈ । ਪੰਜਵੀਂ ਵਾਰ 20 ਮਈ 1704 ਨੂੰ ਫਿਰ ਇਕ ਬਹੁਤ ਵੱਡੀ ਫੌਜ ਲੈ ਕੇ ਅਨੰਦਪੁਰ ਸਾਹਿਬ ਉਤੇ ਹਮਲਾ ਕੀਤਾ । ਇਸ ਵਿਚ ਸਰਹੰਦ ਦਾ ਸੂਬੇਦਾਰ ਵਜ਼ੀਰ ਖਾਂ, ਲਾਹੌਰ ਦਾ ਸੂਬੇਦਾਰ ਦਿਲਾਵਰ ਖਾਂ, ਕਸ਼ਮੀਰ ਦਾ ਸੂਬੇਦਾਰ ਜਬਰਦਸਤ ਖਾਂ ਅਤੇ ਹੋਤੀ ਮਰਦਾਨ ਤਕ ਦੇ ਪਠਾਣ ਤੇ ਖੱਤ੍ਰੀ ਅਤੇ ਸਾਰੇ ਹਿੰਦੂ ਪਹਾੜੀ ਰਾਜਿਆਂ ਦੀਆਂ ਫੌਜਾਂ, ਜਿਹਨਾਂ ਵਿਚੋਂ ਮੁਖੀ—ਕਹਿਲੂਰ ਦਾ ਅਜਮੇਰ ਚੰਦ, ਕਾਂਗੜੇ ਦਾ ਘਮੰਡ ਚੰਦ, ਜਸਵਾਲ ਦਾ ਬੀਰ ਸਿੰਹੁ, ਨਾਲਾਗੜ੍ਹ, ਕੁਲੂ, ਕੈਥਲ ਮੰਡੀ, ਜੰਮੂ, ਨੂਰਪੁਰ, ਚੰਬਾ, ਗੜ੍ਹਵਾਲ, ਬੁਸ਼ਹਰ, ਬਿਜਰਵਾਲ ਅਤੇ ਡਢਵਾਲ ਆਦਿਕ ਦੇ ਰਾਜੇ ਭੀ ਸ਼ਾਮਲ ਹੋਏ । ਅਨੰਦਪੁਰ ਸਾਹਿਬ ਨੂੰ ਲੁਟਨ ਹਿਤ ਡੂੰਗਰ ਦੇ ਹਜ਼ਾਰਾਂ ਗੁਜਰ ਅਤੇ ਰੰਘੜਾਂ ਤੋਂ ਬਿਨਾਂ ਬਹੁਤ ਵੱਡਾ ਮੁਲਖਈਆ ਵੀ ਸ਼ਾਮਲ ਹੋ ਗਿਆ । ਸਿੰਘਾਂ ਦੀ ਗਿਣਤੀ ਕੇਵਲ ਦਸ ਹਜ਼ਾਰ ਦੇ ਕਰੀਬ ਸੀ । ਕਰੀਬ ਇਕ ਮਹੀਨਾ ਲੜਨ ਤੋਂ ਬਾਦ ਸੂਬਿਆਂ ਨੇ ਵੇਖ ਲਿਆ ਕਿ ਰਣ ਵਿਚ ਸਿੰਘਾਂ ਦੇ ਸਾਹਮਣੇ ਉਹਨਾਂ ਦੀ ਕਈ ਗੁਣ ਜ਼ਿਆਦਾ ਫੌਜ ਦੀ ਵੀ ਕੋਈ ਪੇਸ਼ ਨਹੀਂ ਜਾ ਸਕਦੀ । ਫਿਰ ਵਰਖਾ ਰੁੱਤ ਵੀ ਆ ਗਈ, ਜੋ ਉਹਨਾਂ ਦੇ ਉਲਟ ਹੀ ਜਾਂਦੀ ਸੀ ਆਖਰ ਫੈਸਲਾ ਕੀਤਾ ਗਿਆ ਕਿ ਅਨੰਦਪੁਰ ਸਾਹਿਬ ਨੂੰ ਚੁਫੇਰਿਓਂ ਘੇਰ ਲਿਆ ਜਾਵੇ, ਜਿਸ ਨਾਲ ਬਾਹਰੋਂ ਕਿਸੇ ਤਰ੍ਹਾਂ ਦੀ ਵੀ ਸਹਾਇਤਾ ਅਤੇ ਅਨਾਜ ਨਗਰ ਵਿਚ ਨਾ ਪਹੁੰਚ ਸਕੇ ।

ਇਹ ਘੇਰਾ ਕਰੀਬ ਸੱਤ ਮਹੀਨੇ ਤਕ ਰਿਹਾ, ਪਰ ਗੁਰੂ ਕੇ ਸਿੰਘ ਕਾਫੀ ਔਕੜਾਂ ਦਾ ਸਾਹਮਣਾ ਕਰਦੇ ਹੋਏ ਭੀ ਸ਼ੇਰਾਂ ਵਾਂਗ ਜੂਝਦੇ ਰਹੇ । ਪਰ ਹੁਣ ਖੁਰਾਕ ਦੀ ਘਾਟ ਨੇ ਸਰੀਰ ਲਿੱਸੇ ਕਰ ਦਿੱਤੇ ਰੋਗ ਵੀ ਆ ਪਏ । ਅੰਤ ਨੂੰ ਸਤਿਗੁਰੂ ਜੀ ਨੇ ਫੈਸਲਾ ਕੀਤਾ ਕਿ ਇਥੋਂ ਨਿਕਲ ਕੇ ਕਿਸੇ ਚੰਗੇ ਟਿਕਾਣੇ ਤੇ ਜਾ ਕੇ ਇਹਨਾਂ ਵੈਰੀਆਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ ।

18-19 ਦਸੰਬਰ ਸੰਨ 1704 (6-7 ਪੋਹ) ਦੀ ਰਾਤ ਨੂੰ ਅਨੰਦਪੁਰ ਦਾ ਕਿਲ੍ਹਾ ਛਡਿਆ ਗਿਆ, ਇਸ ਸਮੇਂ ਸਤਿਗੁਰੂ ਜੀ ਦੇ ਨਾਲ, ਉਹਨਾਂ ਦਾ ਪਰਵਾਰ, ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ 1500 ਦੇ ਕਰੀਬ ਘੋੜ ਸਵਾਰ ਅਤੇ ਪੈਦਲ ਸਨ । ਜਦ ਵਹੀਰ ਕੀਰਤਪੁਰ ਤੋਂ ਹੋ ਕੇ ਸਰਸਾ ਨਦੀ ਪਾਸ ਪੁਜਾ ਤਾਂ ਵੈਰੀ ਨੇ ਆ ਘੇਰਿਆ । ਅਗੋ ਸਰਸਾ ਨਦੀ ਵੀ ਠਾਠਾਂ ਮਾਰ ਰਹੀ ਸੀ, ਅਤੇ ਕਹਿਰ ਦੀ ਠੰਢ ਸੀ । ਕੁਝ ਜਥੇ ਵੈਰੀ ਦਾ ਸਾਹਮਣਾ ਕਰਨ ਲਈ ਵੈਰੀ ਦੇ ਸਾਹਮਣੇ ਖੜੇ ਕੀਤੇ ਗਏ, ਅਤੇ ਸਤਿਗੁਰੂ ਵਡੇ ਸਾਰੇ ਵਹੀਰ ਨਾਲ ਬਹੁਤ ਸਾਰੇ ਜੱਥੇ ਬਣਾ ਕੇ ਸਰਸਾ ਵਿਚ ਠਿਲ੍ਹ ਪਏ । ਇਸੇ ਸਮੇਂ ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੇ ਨਾਲ ਵਾਲੇ ਸਿੰਘਾਂ ਵਿਚੋਂ ਬਹੁਤ ਸਾਰੇ ਸ਼ਹੀਦ ਹੋ ਗਏ ਅਤੇ ਕੁਝ ਰੁੜ ਗਏ । ਗੰਗਾ ਰਾਮ ਬ੍ਰਾਹਮਣ ਚਿਰ (22 ਸਾਲ) ਸਮੇਂ ਤੋਂ ਗੁਰੂ ਸਾਹਿਬ ਦਾ ਨੌਕਰ ਰਹਿ ਕੇ ਨਿਰਬਾਹ ਕਰ ਰਿਹਾ ਸੀ । ਇਸ ਦਾ ਪਿੰਡ ਖੇੜੀ, ਇਥੋਂ ਵੀਹ ਕੁ ਮੀਲਾਂ ਦੀ ਵਿੱਥ ਤੇ ਮੋਰਿੰਡੇ ਦੇ ਨੇੜੇ ਸੀ । ਗੰਗਾ ਰਾਮ ਇਲਾਕੇ ਦਾ ਵਾਕਿਫ ਸੀ, ਉਹ ਵਾਹੋਦਾਹੀ ਉਹਨਾਂ ਨੂੰ ਆਪਣੇ ਪਿੰਡ ਲੈ ਗਿਆ ।

ਖੇੜੀ, ਸਰਹੰਦ ਤੋਂ ਉੱਤਰ-ਪੂਰਬ ਵਲ 11 ਮੀਲ ਤੇ ਹੈ ਅਤੇ ਮੋਰਿੰਡਾ ਸਰਹੰਦ ਤੋਂ 4 ਮੀਲਾਂ ਤੇ ਹੈ । ਉਧਰ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਹੀ ਸਲਾਮਤ ਨਿਕਲ ਜਾਣਾ, ਹਕੂਮਤ ਦੀ ਬਹੁਤ ਵੱਡੀ ਹਾਰ ਸੀ । ਚਮਕੌਰ ਆਦਿਕ ਇਲਾਕਾ ਸਰਹੰਦ ਦੇ ਮਤਹਿਤ ਸੀ । ਅਨੰਦਪੁਰ ਦੇ ਸੱਤ ਮਹੀਨਿਆਂ ਦੇ ਜੰਗ ਵਿਚ ਮੁਗਲ ਹਕੂਮਤ ਦੀ ਬਹੁਤੀ ਜ਼ਿੰਮੇਂਵਾਰੀ ਸਰਹੰਦ ਦੇ ਸੂਬੇਦਾਰ ਸਿਰ ਸੀ । ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਤੇ ਉਹਨਾਂ ਦੇ ਪਰਿਵਾਰ ਨੂੰ ਫੜਨ ਵਾਸਤੇ ਗਸ਼ਤੀ ਫੌਜਾਂ ਤੋਰ ਦਿਤੀਆਂ । ਆਪਣੇ ਸਾਰੇ ਇਲਾਕੇ ਵਿਚ ਡੌਂਡੀ ਪਿਟਵਾ ਦਿਤੀ ਕਿ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜ਼ਾਵਾਂ ਦਿਤੀਆਂ ਜਾਣਗੀਆਂ । ਫੜਾਨ ਵਾਲਿਆਂ ਵਾਸਤੇ ਇਨਾਮ ਤੇ ਲਾਲਚ ਵੀ ਪੇਸ਼ ਕੀਤੇ ਗਏ ।

ਕੁਝ ਡਰ ਅਤੇ ਕੁਝ ਇਨਾਮ ਦੇ ਲਾਲਚ ਵਿਚ ਆ ਕੇ ਗੰਗਾ ਰਾਮ ਬ੍ਰਾਹਮਣ ਸਾਰੇ ਮਨੁਖੀ ਫਰਜ਼ ਅਤੇ ਅਹਿਸਾਨ ਭੁਲਾ ਕੇ ਮੋਰਿੰਡੇ ਦੇ ਰੰਗੜਾਂ ਨੂੰ ਸੱਦ ਲਿਆਇਆ । ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਪਕੜੇ ਗਏ ਅਤੇ ਸਰਹੰਦ ਅਪੜਾਏ ਗਏ । ਵਜ਼ੀਰ ਖਾਂ ਚਮਕੌਰ ਤੋਂ ਵਾਪਸ ਪਹੁੰਚ ਚੁਕਾ ਸੀ । ਸਾਹਿਬਜ਼ਾਦਿਆਂ ਨੂੰ ਮਾਤਾ ਜੀ ਦੇ ਸਮੇਤ ਕਿਲ੍ਹੇ ਦੇ ਬੁਰਜ ਵਿਚ ਕੈਦ ਕੀਤਾ ਗਿਆ । ਜਦ ਦੂਸਰੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਸਭ ਹੈਰਾਨ ਸਨ ਕਿ ਬੱਚਿਆਂ ਦੇ ਚਿਹਰਿਆਂ ਤੇ ਜ਼ਰਾ ਵੀ ਘਬਰਾਹਟ ਜਾਂ ਉਦਾਸੀ ਨਹੀਂ ਸੀ ।

ਵਜ਼ੀਰ ਖਾਂ ਇਹ ਸਮਝਦਾ ਸੀ ਕਿ ਇਤਨੀ ਛੋਟੀ ਅਵਸਥਾ ਦੇ ਆਮ ਬੱਚਿਆਂ ਨੂੰ ਤਾਂ ਕੇਵਲ ਡਰਾ ਧਮਕਾ ਕੇ ਹੀ ਝੁਕਾਇਆ ਜਾ ਸਕਦਾ ਹੈ । ਜੇਕਰ ਇਹ ਬੱਚੇ ਡਰ 'ਚ ਆ ਕੇ ਮੁਸਲਮਾਨ ਬਣ ਜਾਣ, ਤਾਂ ਹਕੂਮਤ ਦੀ ਜਿੱਤ ਸਮਝੀ ਜਾ ਸਕਦੀ ਹੈ । ਸੋ ਬਜਾਏ ਜ਼ਬਰਦਸਤੀ ਕਰਨ ਦੇ ਉਸਨੇ ਦਰਬਾਰੀਆਂ ਦੇ ਰਾਹੀਂ ਇਹ ਸਮਝਾਇਆ ਕਿ ਤੁਹਾਡੇ ਪਿਤਾ, ਭਰਾ ਤੇ ਹੋਰ ਸਾਰੇ ਸਿਖ ਸ਼ਹੀਦ ਹੋ ਚੁਕੇ ਹਨ, ਹੁਣ ਤੁਸੀਂ ਇਕੱਲੇ ਹੋ, ਕਿਸ ਪਾਸ ਰਹੋਗੇ, ਜੇਕਰ ਮੁਸਲਮਾਨ ਬਣ ਜਾਉ ਤਾਂ ਤੁਹਾਨੂੰ ਸੁਖ ਆਰਾਮ ਮਿਲਨਗੇ ਅਤੇ ਨਵਾਬ ਸਾਹਿਬ ਤੁਹਾਨੂੰ ਆਪਣੇ ਬੱਚਿਆਂ ਦੀ ਤਰ੍ਹਾਂ ਰਖਣਗੇ । ਜੇ ਐਸਾ ਨਹੀਂ ਕਰੋਗੇ ਤਾਂ ਤੁਹਾਡੇ ਸਿਰ ਕਟ ਦਿਤੇ ਜਾਣਗੇ । ਪਰ ਦੋਵੇਂ ਸਾਹਿਬਜ਼ਾਦੇ ਅਡੋਲ ਰਹੇ । ਮਾਤਾ ਗੁਜਰੀ ਜੀ ਨੇ ਸਾਰੀ ਗੱਲ ਸਮਝਾਕੇ ਭੇਜਿਆ ਸੀ ਅਤੇ ਉਹਨਾਂ ਨਿਡਰ ਹੋ ਕੇ

ਕਿਹਾ ਕਿ ਅਸੀਂ ਧਰਮ ਨਹੀਂ ਛੱਡ ਸਕਦੇ, ਕਿਉਂਕਿ ਉਨ੍ਹਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਚੰਗੀ ਤਰ੍ਹਾਂ ਪਹਿਲੇ ਹੀ ਦ੍ਰਿੜ ਕਰਵਾ ਦਿਤੀ ਸੀ, ਕਿ :

(੧) ਨਿਰਭਉ ਸੰਗਿ ਤੁਮਾਰੈ ਬਸਤਾ ਇਹੁ ਡਰਨੁ ਕਹਾ ਤੇ ਆਇਆ ॥(੨੦੬)

(੨) ਨਿਰਭਉ ਜਪੈ ਸਗਲ ਭਉ ਮਿਟੈ ॥ (੨੯੩)

(੩) ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ,
ਤਿਨ ਕਾ ਭਉ ਸਭੁ ਗਵਾਸੀ ॥ (੧੧)

ਫਿਰ ਦਰਬਾਰੀਆਂ ਵਿਚੋਂ ਕੁਝ ਨੇ ਸਲਾਹ ਦਿਤੀ ਕਿ ਇਹਨਾਂ ਦੀ ਨਿਡਰਤਾ ਨੂੰ ਪਰਖਿਆ ਜਾਵੇ ਤਾਂਕਿ ਪਤਾ ਲਗ ਸਕੇ ਕਿ ਸਿੱਖ ਵਿਚਾਰਧਾਰਾ ਕਿੰਨੀ ਕੁ ਦ੍ਰਿੜਤਾ ਲਿਆ ਸਕਦੀ ਹੈ। ਇਹਨਾਂ ਤੋਂ ਸਵਾਲ ਪੁਛਿਆ ਗਿਆ ਕਿ ਜੇਕਰ ਤੁਹਾਨੂੰ ਛਡ ਦਿਤਾ ਜਾਵੇ ਤਾਂ ਤੁਸੀਂ ਕੀ ਕਰੋਗੇ ? ਸਾਹਿਬਜ਼ਾਦਿਆਂ ਦਾ ਜਵਾਬ ਸੀ ਕਿ ਅਸੀਂ ਜਾਕੇ ਸਿੰਘਾਂ ਨੂੰ ਇਕਤ੍ਰ ਕਰਾਂਗੇ ਅਤੇ ਤੁਹਾਡੇ ਜ਼ੁਲਮ ਦੇ ਖਾਤਮੇ ਵਾਸਤੇ ਜੰਗ ਕਰਾਂਗੇ। ਫਿਰ ਸੁਆਲ ਕੀਤਾ ਗਿਆ, ਜੇ ਤੁਸੀਂ ਹਾਰ ਗਏ, ਫਿਰ ਕੀ ਕਰੋਗੇ ? ਸਾਹਿਬਜ਼ਾਦਿਆਂ ਨੇ ਗੱਜ ਕੇ ਜੁਆਬ ਦਿਤਾ। ਫਿਰ ਜਾ ਕੇ ਸਿੰਘਾਂ ਦੀ ਫੌਜ ਤਿਆਰ ਕਰਕੇ ਤੁਹਾਡੇ ਨਾਲ ਜੰਗ ਕਰਾਂਗੇ ਅਤੇ ਉਦੋਂ ਤਕ ਜੰਗ ਕਰਦੇ ਰਹਾਂਗੇ ਜਦ ਤਕ ਜ਼ੁਲਮ ਦਾ ਰਾਜ ਖਤਮ ਨਹੀਂ ਕਰ ਲੈਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

ਇਸ ਦਲੇਰੀ ਭਰੇ ਜਵਾਬ ਦੀ ਸਭ ਨੇ ਦਾਦ ਦਿਤੀ। ਗੁਸੇ ਵਿਚ ਆ ਕੇ ਵਜ਼ੀਰ ਖਾਂ ਨੇ ਸਰੀਰਕ ਦੁਖ ਦੇ ਕੇ ਦਬਾਅ ਪਾਉਣ ਦੀ ਮਰਜ਼ੀ ਬਣਾਈ ਅਤੇ ਦੀਵਾਰਾਂ ਵਿਚ ਜਿੰਦਾਂ ਚਿਣ ਦੇਣ ਦਾ ਹੁਕਮ ਕਰ ਦਿਤਾ। ਉਸ ਸਮੇਂ ਮਲੇਰਕੋਟਲਾ ਦੇ ਮੁਸਲਮਾਨ ਨਵਾਬ ਸ਼ੇਰ ਮੁਹੰਮਦ ਖਾਂ ਚਮਕੌਰ ਜੰਗ ਤੋਂ ਵਾਪਸ ਮਲੇਰ ਕੋਟਲੇ ਨੂੰ ਜਾਂਦਾ ਹੋਇਆ ਵਜ਼ੀਰ ਖਾਂ ਦੇ ਨਾਲ ਅਜੇ ਸਰਹੰਦ ਹੀ ਸੀ। ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦੀ ਸਾਰੀ ਕਾਰਵਾਈ ਉਸਦੇ ਸਾਹਮਣੇ ਹੋ ਰਹੀ ਸੀ। ਜਦੋਂ ਦੀਵਾਰ ਚਿਣ ਦੇਣ ਦਾ ਹੁਕਮ ਹੋਇਆ ਤਾਂ ਨਵਾਬ ਸ਼ੇਰ ਮੁਹੰਮਦ ਖਾਂ ਨੇ ਹਾਕਮਾਂ ਨੂੰ ਐਸੀ ਨੀਚ ਕਰਤੂਤ ਤੋਂ ਵਰਜਿਆ, ਜਦੋਂ ਕਿ ਇਸੇ ਨਵਾਬ ਦੇ ਦੋ ਭਰਾ ਨਾਹਰ ਖਾਂ ਅਤੇ ਖਿਜ਼ਰ ਖਾਂ ਚਮਕੌਰ ਦੇ ਜੰਗ ਵਿਚ ਸਿੰਘਾਂ ਦੇ ਹਥੋਂ ਮਾਰੇ ਗਏ ਸਨ। ਉਸ ਨੇ ਕਹਿਆ :—

ਵੈਰ ਗੁਰੂ ਕੇ ਸੰਗ ਤੁਮਾਰਾ, ਇਨ ਮਾਸੂਮੋਂ ਕਿਆ ਬਿਗਾੜਾ ?
ਸ਼ੀਰਖੋਰ ਮਤ ਬਾਲਕ ਮਾਰੋ, ਨਾ ਹਕ ਜ਼ੁਲਮ ਕਰ ਨਬਾਰੋ।

ਇਸ ਸਮੇਂ ਪੇਸ਼ਕਾਰ ਸੁਚਾ ਨੰਦ ਖਤਰੀ ਨੇ ਸਿੱਖ ਸਤਿਗੁਰੂਆਂ ਦੀਆਂ ਹਿੰਦੂ ਕੌਮ ਉਤੇ ਕੀਤੀਆਂ ਮਿਹਰਬਾਨੀਆਂ ਨੂੰ ਭੁਲਾ ਕੇ ਅਹਿਸਾਨ ਫਰਾਮੋਸ਼ੀ ਦਾ ਸਬੂਤ ਦਿਤਾ ਅਤੇ ਇਹ ਕਹਿ ਕੇ ਵਜ਼ੀਰ ਖਾਂ ਨੂੰ ਭੜਕਾਇਆ ਕਿ ਸੱਪ ਦੇ ਬੱਚੇ ਸੱਪ ਹੀ ਬਣਦੇ ਹਨ, ਇਹਨਾਂ ਨੂੰ ਮਾਰ ਦੇਣਾ ਹੀ ਨੀਤੀ ਹੈ। ਨਵਾਬ ਸ਼ੇਰ ਮੁਹੰਮਦ ਖਾਂ ਦੀ ਨੇਕ ਸਲਾਹ ਤੇ ਵਜ਼ੀਰ ਖਾਂ



ਦਾ ਦਿਲ ਬਦਲ ਗਿਆ ਸੀ ਪਰ ਦੁਸ਼ਟ ਸੁਚਾ ਨੰਦ (ਸਿੱਖ ਇਤਿਹਾਸ ਨੇ ਇਸ ਨੂੰ ਝੂਠਾ ਨੰਦ ਕਰਕੇ ਲਿਖਿਆ ਹੈ) ਦੇ ਉਕਸਾਣ ਉਤੇ ਦੁਬਾਰਾ ਹੁਕਮਾਂ ਉਤੇ ਤਾਮੀਲ ਕਰਨ ਲਈ ਹੁਕਮ ਦਿਤਾ। ਐਸੀ ਨੀਚ ਕਰਤੂਤ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ ਕਿ 6 ਸਾਲ ਅਤੇ 8 ਸਾਲ ਦੇ ਬਚਿਆਂ ਪਾਸੋਂ ਬਦਲਾ ਲਿਆ ਜਾਵੇ। ਪਹਿਲੇ ਦੀਵਾਰਾਂ ਵਿਚ ਚਿਣ ਕੇ ਤਕਲੀਫ ਦਿਤੀ ਗਈ, ਤਾਕਿ ਸ਼ਾਇਦ ਬੱਚੇ ਡੋਲ ਜਾਣ। ਪਰ ਦੀਵਾਰ ਦੇ ਉਪਰ ਹੁੰਦੇ ਹੀ ਬੱਚੇ ਬੇਹੋਸ਼ ਹੋ ਗਏ, ਅਤੇ ਨਵੀਂ ਉਸਾਰੀ ਕੰਧ ਡਿਗ ਪਈ। ਫਿਰ ਜਲਾਦ, ਸ਼ਾਸਲ ਬੇਗ ਤੇ ਬਾਸਲ ਬੇਗ ਨੂੰ ਹੁਕਮ ਦੇ ਕੇ ਦੋਹਾਂ ਸਾਹਿਬਜ਼ਾਦਿਆਂ ਨੂੰ 27 ਦਸੰਬਰ 1704 ਵਾਲੇ ਦਿਨ ਭਰੇ ਦਰਬਾਰ ਵਿਚ ਕਤਲ ਕਰਵਾ ਦਿਤਾ ਗਿਆ। ਵੱਡੇ ਵੱਡੇ ਜਾਬਰਾਂ ਦੇ ਦਿਲ ਵੀ ਪੰਘਰ ਗਏ, ਪਰ ਨਮਕ-ਹਰਾਮ ਗੰਗਾ ਰਾਮ ਅਤੇ ਦੁਸ਼ਟ ਸੁਚਾ ਨੰਦ ਆਪਣੀ ਕਮੀਨੀ ਹਰਕਤ ਉਤੇ ਨਾ ਪਛਤਾਏ।

ਇਥੇ ਇਹ ਲਿਖਣਾ ਠੀਕ ਰਹੇਗਾ ਕਿ ਕਈ ਇਤਿਹਾਸਕਾਰਾਂ ਨੇ ਇਹ ਲਿਖਿਆ ਹੈ ਕਿ ਜਦ ਮਾਤਾ ਗੁਜਰੀ ਜੀ ਨੂੰ ਇਹ ਖਬਰ ਪਹੁੰਚਾਈ ਗਈ ਉਹ ਗਸ਼ ਖਾ ਕੇ ਡਿਗ ਪਏ ਤੇ ਗੁਰਪੁਰੀ ਸਿਧਾਰ ਗਏ। ਪਰ ਜਦੋਂ ਅਸੀਂ ਮਾਤਾ ਗੁਜਰੀ ਜੀ ਦੇ ਜੀਵਨ ਤੇ ਗਹੁ ਨਾਲ ਝਾਤ ਮਾਰਦੇ ਹਾਂ ਤਾਂ ਇਹ ਠੀਕ ਨਹੀਂ ਜਾਪਦਾ। ਮਾਤਾ ਜੀ ਨੇ ਜਦੋਂ ਆਪਣੇ ਪਤੀ—ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦੇਖਿਆ ਤਾਂ ਅਡੋਲ ਰਹਿੰਦਿਆਂ ਫੁਰਮਾਇਆ, "ਤੁਹਾਡੀ ਨਿਭ ਗਈ ਮੇਰੀ ਵੀ ਨਿਭ ਜਾਏ ? ਮਾਤਾ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਜੰਗ ਵਿਚ ਪੂਰਾ ਸਹਿਯੋਗ ਦਿਤਾ। ਖਾਸ ਕਰਕੇ ਭੰਗਾਣੀ ਦੇ ਯੁਧ ਵਿਚ ਜੋ ਅਗਵਾਈ ਤੇ ਹਲਾ-ਸ਼ੇਰੀ ਮਾਤਾ ਜੀ ਨੇ ਦਿਤੀ, ਉਸਦੀ ਤਾਂ ਇਤਿਹਾਸ ਖਾਸ ਤੌਰ ਤੇ ਗਵਾਹੀ ਦਿੰਦਾ ਹੈ। ਫਿਰ ਮਾਤਾ ਜੀ ਖੁਦ ਸਾਹਿਬਜ਼ਾਦਿਆਂ ਨੂੰ ਗੁਰਮਤਿ ਦ੍ਰਿੜ ਕਰਵਾ ਕੇ ਨਵਾਬ ਕੋਲ ਭੇਜਦੇ ਹਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਐਸੀ ਮਹਾਨ ਪਵਿਤ੍ਰ ਆਤਮਾ ਗਸ਼ ਖਾ ਕੇ ਗੁਰਪੁਰੀ ਸਿਧਾਰ ਗਏ ਹੋਣ। ਜੋ ਸੰਭਵ ਹੈ ਤਾਂ ਇਹ, ਕਿ ਸਰਕਾਰੀ ਕਰਮਚਾਰੀਆਂ ਨੇ ਉਹਨਾ ਨੂੰ ਬੁਰਜ ਤੋਂ ਥੱਲੇ ਸੁਟ ਕੇ ਸ਼ਹੀਦ ਕੀਤਾ ਹੋਵੇ, ਇਸ ਤਰ੍ਹਾਂ ਦੀ ਸਜ਼ਾ ਉਸ ਸਮੇਂ ਆਮ ਦਿਤੀ ਜਾਂਦੀ ਸੀ। ਦਿੱਲੀ ਵਿਚ ਵੀ ਦਿੱਲੀ ਗੇਟ ਦੇ ਲਾਗੇ ਇਕ ਦਰਵਾਜ਼ਾ ਹੈ ਜਿਥੇ ਇਸ ਤਰ੍ਹਾਂ ਦੀ ਸਜ਼ਾ ਦਿਤੀ ਸੀ।

ਇਹਨਾਂ ਤਿੰਨਾਂ ਸਰੀਰਾਂ ਦਾ ਸਸਕਾਰ, ਮੈਹਰਾਜ ਨਿਵਾਸੀ ਬਾਬਾ ਫੂਲ ਜੀ ਦੇ ਸਪੁੱਤਰ ਤਿਲੋਕਾ ਅਤੇ ਰਾਮਾ (ਜੋ ਬਾਦ ਵਿਚ ਤਰਲੋਕ ਸਿੰਘ ਅਤੇ ਰਾਮ ਸਿੰਘ ਬਣੇ) ਜੋ ਮੁਆਮਲਾ ਭਰਨ ਸਰਹੰਦ ਗਏ ਹੋਏ ਹਨ, ਨੇ ਕੀਤਾ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਸਰੀਰ ਸ਼ਹੀਦੀ ਅਸਥਾਨ (ਫਤਹਿਗੜ੍ਹ) ਤੋਂ ਲਿਆ ਕੇ ਸਿੱਖਾਂ ਜਿਥੇ ਰਾਤ ਰਖੇ ਸਨ, ਉਥੇ ਗੁਰਦੁਆਰਾ "ਜੋਤੀ ਸਰੂਪ" ਹੈ। ਇਸ ਸਾਕੇ ਦੀ ਖ਼ਬਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੀਨੇ ਪਿੰਡ ਵਿਖੇ ਮਿਲੀ।

ਬਾਦ ਵਿਚ ਪੰਥ ਨੇ ਇਸ ਦਾ ਨਾਂ 'ਗੁਰੂ ਮਾਰੀ ਸਰਹੰਦ' ਰਖਿਆ। ਸਰਹੰਦ ਦੀ

ਪਹਿਲੋਂ ਬੰਦਾ ਸਿੰਘ ਬਹਾਦਰ ਨੇ ਅਤੇ ਫਿਰ ਖਾਲਸਾ ਫੌਜਾਂ ਨੇ ਸ: ਜੱਸਾ ਸਿੰਘ ਆਹਲੂ- ਵਾਲੀਆ ਦੀ ਕਮਾਨ ਹੇਠ ਇੱਟ ਨਾਲ ਇੱਟ ਖੜਕਾਈ। ਇਹ ਰਿਵਾਜ ਵੀ ਸਿੱਖਾਂ ਵਿਚ ਪ੍ਰਚਲਿਤ ਰਿਹਾ ਹੈ ਕਿ ਹਰ ਇਕ ਗੁਰਸਿੱਖ ਇਥੋਂ ਇਕ ਇਟ ਚੁਕ ਕੇ ਸਤਲੁਜ ਦਰਿਆ ਵਿਚ ਪਾਂਦਾ ਸੀ।

ਸਿੱਖੀ ਸਰੂਪ ਅਤੇ ਵਿਚਾਰਧਾਰਾ ਤੇ ਪਹਿਰਾ ਦੇਣ ਲਈ ਇਤਨੀਆਂ ਮਹਾਨ ਕੁਰਬਾਨੀਆਂ ਦਿਤੀਆਂ ਗਈਆਂ ਸਨ ਪਰ ਅਜ ਸਿੱਖ ਪੰਥ ਦੀ ਹਾਲਤ ਵੇਖ ਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਆਪ ਗੁਰਸਿੱਖ ਦੀ ਗੱਲ ਤਾਂ ਦੂਰ ਰਹੀ, ਸਿੱਖ ਆਗੂ, ਧਾਰਮਕ ਤੇ ਰਾਜਨੀਤਕ, ਪ੍ਰਚਾਰਕ ਤੇ ਪ੍ਰਬੰਧਕ ਆਦਿ ਬੜੇ ਸਹਜੇ ਹੀ ਥੋੜੇ ਜਿਹੇ ਲਾਲਚ ਵਿਚ ਫਸ ਕੇ ਸਿੱਖੀ ਸਰੂਪ ਅਤੇ ਵਿਚਾਰਧਾਰਾ ਤੇ ਸਮਝੌਤਾ ਕਰਕੇ ਨਿਜੀ ਕੰਮ ਸਾਰ ਲੈਂਦੇ ਹਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਅੱਜ ਕੌਮ ਨੂੰ ਕੁਝ ਅਗਵਾਈ ਲੈਣੀ ਚਾਹੀਦੀ ਹੈ ਅਤੇ ਮੌਜੂਦਾ ਸਮੇਂ ਅੰਦਰ ਜੋ ਢਹਿੰਦੀ ਕਲਾ ਸਿੱਖ ਕੌਮ ਵਿਚ ਆਈ ਹੈ, ਉਸ ਨੂੰ ਠਲ੍ਹ ਪਾਉਣ ਤੋਂ ਹਿੰਮਤ ਨਹੀਂ ਹਾਰਨੀ ਚਾਹੀਦੀ, ਬਲਕਿ ਯਤਨਾਂ ਨੂੰ ਹੋਰ ਵਧੇਰੇ ਦ੍ਰਿੜਤਾ ਅਤੇ ਮਜ਼ਬੂਤੀ ਨਾਲ ਆਰੰਭ ਕਰਨਾ ਚਾਹੀਦਾ ਹੈ।

## 6. ਭਾਈ ਲਖਮੀਰ ਤੇ ਸ਼ਮੀਰ

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਖਾਲਸੇ ਦੀ ਸਿਰਜਨਾ ਕੀਤੀ ਤਾਂ ਖਾਲਸੇ ਨੂੰ ਅਡਰਾ ਸਰੂਪ, ਅਡਰੀ ਰਹਿਤ ਮਰਯਾਦਾ ਬਖਸ਼ ਕੇ ਬ੍ਰਾਹਮਣ ਦੇ ਹਰ ਤਰ੍ਹਾਂ ਦੇ ਪ੍ਰਭਾਵ ਤੋਂ ਮੁਕਤ ਕਰ ਦਿਤਾ ਗਿਆ, ਇਸ ਤੋਂ ਦੁਖੀ ਹੋ ਕੇ ਬ੍ਰਾਹਮਣਾਂ ਅਤੇ ਖਤਰੀਆਂ ਨੇ ਗੁਰੂ ਘਰ ਨਾਲ ਵਿਰੋਧ ਕਰਨਾ ਸ਼ੁਰੂ ਕਰ ਦਿਤਾ ਅਤੇ ਅਨੰਦਪੁਰ ਸਾਹਿਬ ਦੇ ਲਾਗੇ ਦੇ ਪਹਾੜੀ ਰਾਜਿਆਂ ਨੂੰ ਜਾ ਭੜਕਾਇਆ। ਪਹਾੜੀ ਹਿੰਦੂ ਰਾਜੇ ਕਾਫੀ ਸਮੇਂ ਤੋਂ ਗੁਲਾਮੀ ਹੇਠ ਪਿਸ ਰਹੇ ਸਨ, ਅਤੇ ਆਪਣੀ ਅਣਖ ਗੈਰਤ ਜ਼ਮੀਰ ਵੇਚ ਚੁਕੇ ਸਨ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦੇ ਰਾਜ ਵਿਰੁਧ ਜੰਗਾਂ ਜੁਧਾਂ ਦਾ ਸਾਮਾਨ ਇਕੱਠਾ ਕਰਨਾ ਅਰੰਭਿਆ ਸੀ, ਪਹਾੜੀ ਰਾਜੇ ਵੈਸੇ ਹੀ ਦੁਖੀ ਸਨ ਇਸ ਲਈ ਸੰਨ 1687 ਤੋਂ ਹੀ ਗੁਰੂ ਘਰ ਨਾਲ ਟਕਰਾਉਂਦੇ ਆ ਰਹੇ ਸਨ ਅਤੇ ਕਈ ਲੜਾਈਆਂ ਵਿਚ ਗੁਰੂ ਜੀ ਪਾਸੋਂ ਮੂੰਹ ਦੀ ਖਾ ਚੁਕੇ ਸਨ।

ਖਾਲਸਾ ਹੁਣ ਇਤਨੀ ਸੰਗਠਿਤ ਸੰਸਥਾ ਬਣ ਚੁਕਾ ਸੀ ਕਿ ਹੁਣ ਉਹਨਾਂ ਦੀ ਤਾਕਤ ਅਤੇ ਜੋਸ਼ ਨੂੰ ਦਬਾਉਣਾ ਔਖਾ ਸੀ। ਸੰਨ 1701 ਤੋਂ ਪਹਾੜੀ ਰਾਜਿਆ ਨੇ ਹਰ ਵਿਰੋਧੀ ਤਾਕਤਾਂ ਨਾਲ ਮਿਲ ਕੇ ਗੁਰੂ ਘਰ ਨਾਲ ਟਕਰ ਨਵੇਂ ਸਿਰਿਉਂ ਹੋਰ ਵੱਡੀ ਪੱਧਰ ਤੇ ਸ਼ੁਰੂ ਕਰ ਦਿਤੀ ਅਤੇ ਸੰਨ 1701 ਦੇ ਆਰੰਭ ਤੋਂ ਚਾਰ ਵਾਰ ਆਨੰਦਪੁਰ ਸਾਹਿਬ ਉਤੇ ਹਮਲਾ ਕਰਨ ਉਪਰੰਤ ਜਦ ਕੋਈ ਸਫਲਤਾ ਪ੍ਰਾਪਤ ਨਾ ਹੋਈ ਤਾਂ ਪੰਜਵੀਂ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁਧ ਪਹਾੜੀ ਹਿੰਦੂ ਰਾਜਿਆਂ, ਮੁਗਲਾਂ, ਗੁਜਰਾਂ, ਰੰਗੜਾਂ ਅਤੇ ਹੋਰ



ਲੁਟੇਰਿਆਂ ਦੀ ਮਿਲਵੀਂ ਤਾਕਤ ਨੇ ਅਨੰਦਪੁਰ ਸਾਹਿਬ ਦੇ ਕਿਲ੍ਹੇ ਤੇ 20 ਮਈ ਸੰਨ 1704 ਵਿਚ ਹਮਲਾ ਕੀਤਾ। ਇਸ ਵਾਰ ਹੋਰ ਕੋਈ ਪੇਸ਼ ਨ ਜਾਂਦੀ ਵੇਖ ਕੇ ਲੰਮਾ ਘੇਰਾ ਪਾਉਣ ਦੀ ਵਿਉਂਤ ਬਣਾਈ ਗਈ। ਛੇ ਮਹੀਨੇ ਦੀ ਇਸ ਨਾਕਾਬੰਦੀ ਦੇ ਕਾਰਨ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਸਭ ਅੰਨ ਦਾਣਾ ਅਤੇ ਵਸਤੂਆਂ ਖਤਮ ਹੋਣ ਤੇ ਆ ਗਈਆਂ। ਦਸੰਬਰ 20, 21 ਸੰਨ, 1704 (6, 7 ਪੋਹ) ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ।

22 ਦਸੰਬਰ 1704 (8 ਪੋਹ) ਨੂੰ ਦੋ ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ (.7 ਸਾਲ) ਬਾਬਾ ਜੁਝਾਰ ਸਿੰਘ (15 ਸਾਲ) ਚਮਕੌਰ ਵਿਖੇ ਸ਼ਹੀਦ ਹੋਏ। 27 ਦਸੰਬਰ 1704 (1 ਪੋਹ) ਨੂੰ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਸਰਹੰਦ ਵਿਚ ਸ਼ਹੀਦ ਕੀਤੇ ਗਏ। ਚਮਕੌਰ ਤੋਂ ਸਤਿਗੁਰੂ ਜੀ ਮਾਛੀਵਾੜਾ, ਘੁੰਗਰਾਲੀ ਪਿੰਡ, ਲੱਲ, ਕਨੇਚ, ਕਟਾਣੇ, ਰਾਮਪੁਰ ਆਦਿ ਪਿੰਡਾਂ ਵਿਚੋਂ ਲੰਘਦੇ ਹੋਏ ਆਲਮਗੀਰ ਪਿੰਡ ਪਹੁੰਚੇ। ਇਥੋਂ ਨਬੀ ਖਾਂ, ਗਨੀ ਖਾਂ ਨੂੰ ਹੁਕਮਨਾਮਾ ਬਖਸ਼ ਕੇ ਹੇਹਰ ਜੀਲੋਆਣੀ ਤੋਂ ਹੋਕੇ ਰਾਇਕੋਟ (ਜ਼ਿਲਾ ਲੁਧਿਆਣਾ) ਪਹੁੰਚੇ। ਇਥੋਂ ਹੀ ਰਾਇਕਲਾ ਨੇ ਬੰਦਾ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਖਬਰ ਸਰਹੰਦ ਤੋਂ ਮੰਗਵਾਈ। ਰਾਇਕਲਾ ਤੋਂ ਸਤਿਗੁਰੂ ਜੀ ਵਿਦਾ ਹੋ ਕੇ ਕਈ ਪਿੰਡਾਂ ਵਿਚ ਠਹਿਰਦੇ ਹੋਏ ਸਾਥੀ ਸਿੰਘਾਂ ਸਮੇਤ 'ਦੀਨੇ' ਪਿੰਡ (ਤਹਿਸੀਲ ਮੋਗਾ) ਪਹੁੰਚੇ। ਜੋਧਰਾਇ ਦੇ ਪੋਤਰੇ, ਭਾਈ ਫੱਤਾ ਦੇ ਲੜਕੇ ਭਾਈ ਲਖਮੀਰ ਅਤੇ ਸਮੀਰ, ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੜੇ ਸਤਿਕਾਰ ਨਾਲ ਆਪਣੀ ਹਵੇਲੀ ਵਿਚ ਨਿਵਾਸ ਕਰਨ ਦੀ ਬੇਨਤੀ ਕੀਤੀ। ਫਿਰ ਇਕ ਸੁਰਖਿਅਤ ਚੋਬਾਰਾ ਭਾਈ ਦੇਸੂ ਦਾ ਸਾਫ ਕਰ ਕੇ ਉਥੇ ਨਿਵਾਸ ਕਰਵਾਇਆ। ਇਥੇ ਸਤਿਗੁਰਾਂ ਨੇ ਕਾਫੀ ਸਮਾਂ ਨਿਵਾਸ ਕੀਤਾ।

ਦੀਨੇ ਪਿੰਡ ਦੇ ਚੌਧਰੀ ਭਾਈ ਲਖਮੀਰ, ਸ਼ਮੀਰ ਅਤੇ ਤਖਤ ਮਲ ਤਿੰਨ ਭਰਾ ਸਨ। ਦੀਨਾ ਪਿੰਡ ਕਾਂਗੜ ਵਿਚੋਂ ਨਿਕਲ ਕੇ ਵਸਿਆ ਸੀ। ਇਹ ਭਾਈ ਜੋਧਰਾਇ ਦੀ ਬੰਸ ਵਿਚੋਂ ਸਨ। ਰਾਇਜੋਧ ਇਕ ਮਹਾਨ ਯੋਧਾ ਸੀ; ਜਿਸ ਨੇ ਆਪਣੀ ਸੁਪਤਨੀ (ਜੋ ਸਿੱਖ ਘਰਾਣੇ ਵਿਚੋਂ ਸੀ) ਦੀ ਰਾਹੀਂ ਗੁਰੂ ਹਰਗੋਬਿੰਦ ਸਾਹਿਬ ਪਾਸੋਂ ਸਿੱਖੀ ਧਾਰਨ ਕੀਤੀ ਸੀ। ਇਸ ਪਾਸ ਹਰ ਵਕਤ 500 ਸਵਾਰ ਹਾਜ਼ਰ ਰਹਿੰਦਾ ਸੀ। ਜਦ ਛੇਵੇਂ ਪਾਤਸ਼ਾਹ ਵਿਰੁਧ ਲਾਹੌਰ ਦਰਬਾਰ ਨੇ ਲੱਲਾ ਬੇਗ, ਕਮਰ ਬੇਗ ਨੂੰ ਭਾਰੀ ਫੌਜ (22 ਹਜ਼ਾਰ) ਦੇ ਕੇ ਭੇਜਿਆ, ਉਸ ਸਮੇਂ ਜੋਧਰਾਇ ਨੇ ਆਪਣੇ ਸਿਪਾਹੀਆ ਸਮੇਤ ਜੰਗ ਵਿਚ ਹਿਸਾ ਲਿਆ ਸੀ ਅਤੇ ਲੱਲਾ ਬੇਗ ਨੂੰ ਭਾਰੀ ਹਾਰ ਦਿਤੀ ਸੀ ('ਇਹ ਜ਼ਿਕਰ ਸੰਨ 1632 ਦਾ ਹੈ) ਉਸ ਅਸਥਾਨ ਤੇ ਹੁਣ ਗੁਰਦਵਾਰਾ 'ਗੁਰੂ ਸਰ' ਹੈ।

ਜਿਉਂ ਜਿਉਂ ਸੰਗਤਾਂ ਨੂੰ ਪਤਾ ਲਗਾ, ਭਾਰੀ ਗਿਣਤੀ ਵਿਚ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਇਥੇ ਹੀ ਸਤਿਗੁਰਾਂ ਨੇ ਔਰੰਗਜ਼ੇਬ ਨੂੰ ਆਪਣੀ ਜਿੱਤ ਦੀ ਚਿੱਠੀ

ਲਿਖੀ, ਜਿਸ ਨੂੰ 'ਜ਼ਫਰਨਾਮਾ' ਕਹਿਆ ਜਾਂਦਾ । । ਇਥੇ ਨਾਲ ਦਿਆਂ ਪਿੰਡਾਂ ਵਿਚ ਸਤਿਗੁਰੂ ਧਰਮ ਪ੍ਰਚਾਰ ਵਾਸਤੇ ਵੀ ਜਾਂਦੇ ਸਨ ਅਤੇ ਭਾਰੀ ਗਿਣਤੀ ਵਿਚ ਲੋਕ ਅੰਮ੍ਰਿਤ ਛੱਕ ਕੇ ਖਾਲਸਾ ਪੰਥ ਵਿਚ ਸ਼ਾਮਲ ਹੋਣ ਲਗ ਪਏ ।

ਦੀਨੇ ਦੇ ਇਕ ਸਾਧੂ ਸੀਤਲਪੁਰੀ ਦਾ ਇਕ ਚੇਲਾ ਦਿਆਲਪੁਰੀ ਸਰਹੰਦ ਦਾ ਰਹਿਣ ਵਾਲਾ ਸੀ । ਉਹਨੀਂ ਦਿਨੀਂ ਉਹ ਦੀਨੇ ਆਇਆ ਹੋਇਆ ਸੀ । ਜਦੋਂ ਉਹ ਵਾਪਸ ਸਰਹੰਦ ਗਿਆ ਤਾਂ ਉਸ ਦੀ ਰਾਹੀਂ ਉਥੇ ਖਬਰ ਫੈਲ ਗਈ ਕਿ ਗੁਰੂ ਗੋਬਿੰਦ ਸਿੰਘ ਜੀ ਸਹੀ ਸਲਾਮਤ ਮਾਲਵੇ ਵਿਚ ਦੀਨੇ ਪਿੰਡ ਪਹੁੰਚੇ ਹੋਏ ਹਨ । ਸਰਹੰਦ ਦੇ ਨਵਾਬ ਵਜ਼ੀਰ ਖਾਂ ਨੇ ਚੌਧਰੀ ਲਖਮੀਰ ਅਤੇ ਸ਼ਮੀਰ ਨੂੰ ਬੜੀ ਤਾੜਨਾ ਭਰੀ ਚਿੱਠੀ ਲਿਖ ਕੇ ਹਦਾਇਤ ਕੀਤੀ ਕਿ ਮੁਗਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰੋ, ਨਹੀਂ ਤਾਂ ਤੁਹਾਡਾ ਬੁਰਾ ਹਾਲ ਕੀਤਾ ਜਾਵੇਗਾ ।

ਚੌਧਰੀ ਲਖਮੀਰ ਨੇ ਬੜੇ ਠਰੰਮੇਂ ਨਾਲ ਉਤਰ ਭੇਜਿਆ ਕਿ ਜਿਵੇਂ ਤੁਸੀਂ ਆਪਣੇ ਪੀਰ ਮੁਰਸ਼ਿਦ ਦੀ ਬੜੇ ਅਦਬ ਨਾਲ ਖਿਦਮਤ ਕਰਦੇ ਹੋ, ਤਿਵੇਂ ਅਸੀਂ ਭੀ ਆਪਣੇ ਦਿਲ ਦੇ ਪਾਤਸ਼ਾਹ ਸਤਿਗੁਰੂ ਦੀ ਸੇਵਾ ਕਰ ਰਹੇ ਹਾਂ । ਇਸ ਵਿਚ ਕੋਈ ਬਗਾਵਤ ਨਹੀਂ, ਕੋਈ ਆਕੀ-ਪੁਣਾ ਨਹੀਂ । ਜਿਸ ਗੁਰੂ ਨੇ ਦੂਜਿਆਂ ਦੀ ਖਾਤਰ ਦੁਖ ਸਹਾਰ ਕੇ ਮਨੁੱਖਤਾ ਦਾ ਭਲਾ ਕੀਤਾ ਹੈ, ਉਸ ਦੀ ਸੇਵਾ ਕਰਨਾ ਸਾਡਾ ਫਰਜ਼ ਹੈ । ਇਸਦੇ ਬਾਵਜੂਦ ਜੇ ਅਜੇ ਵੀ ਕੁਝ ਦਿਲ ਵਿਚ ਚਾਹ ਹੈ ਤਾਂ ਇਕ ਹੋਰ ਟੱਕਰ ਲੈ ਕੇ ਵੇਖ ਲੈ, ਅਸੀਂ ਉਸ ਵਾਸਤੇ ਵੀ ਤਿਆਰ ਹਾਂ, ਪਰ ਐਸੇ ਸਤਿਗੁਰੂ ਦਾ ਪੱਲਾ ਨਹੀਂ ਛੱਡ ਸਕਦੇ । ਚੌਧਰੀ ਸ਼ਮੀਰ ਨੇ ਆਪਣੇ ਆਦਮੀ ਨੂੰ ਵੀ ਸਰਹੰਦ ਭੇਜਿਆ ਕਿ ਉਥੇ ਰਹਿ ਕੇ ਸੂਹ ਕਢੇ ਕਿ ਵਜ਼ੀਰ ਖਾਂ ਦੀ ਕੀ ਨੀਯਤ ਹੈ ।

ਇਧਰ ਸ਼ਮੀਰ ਅਤੇ ਲਖ਼ਮੀਰ ਖੁਦ ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਾਰੀ ਸੁਰਖਿਆ ਦਾ ਕੰਮ ਕਰਦੇ ਸਨ । ਕੋਈ ਵੀ ਮਿਲਣ ਆਵੇ, ਪਹਿਲੇ ਪੂਰੀ ਤਸੱਲੀ ਕਰਦੇ ਸਨ । ਫਿਰ ਤਾਂ ਹੀ ਮਿਲਣ ਵਾਸਤੇ ਭੇਜਦੇ ਸਨ । ਇਥੋਂ ਤਕ ਕਿ ਗੁਰੂ ਸਾਹਿਬ ਵਾਸਤੇ ਲੰਗਰ ਦੀ ਸੇਵਾ ਵੀ ਹਥੀਂ ਕਰਦੇ ਸਨ, ਤਾਕਿ ਕਿਸੇ ਸਮੇਂ ਵੀ ਕੋਈ ਧੋਖਾ ਨਾ ਹੋ ਜਾਵੇ ।

ਭਾਈ ਲਖਮੀਰ ਦੇ ਇਸ ਦਲੇਰੀ ਭਰੇ ਉੱਤਰ ਉਪਰੰਤ ਵਜ਼ੀਰ ਖਾਂ ਨੇ ਨਵੇਂ ਸਿਰਿਉਂ ਜੰਗ ਦੀ ਤਿਆਰੀ ਆਰੰਭ ਦਿੱਤੀ । ਉਧਰ ਸਤਿਗੁਰਾਂ ਦੇ ਪ੍ਰਚਾਰ ਸਦਕਾ ਸਾਰਾ ਮਾਲਵੇ ਦਾ ਇਲਾਕਾ ਜਥੇਬੰਦ ਹੋ ਗਿਆ । ਹੁਣ ਚੰਗੇ ਟਿਕਾਣੇ ਦੀ ਭਾਲ ਸੀ । ਸੋ ਸਰਦਾਰ ਕਪੂਰਾ ਦੀ ਸਲਾਹ ਨਾਲ ਖਿਦਰਾਣੇ ਦੀ ਢਾਬ ਸਭ ਤੋਂ ਵਧੀਆ ਟਿਕਾਣਾ ਜਾਣਕੇ ਉਧਰ ਨੂੰ ਚਾਲੇ ਪਾਏ ਗਏ ।

**ਨੋਟ :** ਖੋਜ ਦੀ ਘਾਟ ਕਾਰਨ ਸਿੱਖ ਇਤਿਹਾਸ ਦੀਆਂ ਬਹੁਤ ਸਾਰੀਆਂ ਘਟਨਾਵਾਂ ਆਪਣੇ ਸਹੀ ਸਰੂਪ ਵਿਚ ਪ੍ਰਗਟ ਨਹੀਂ ਹੋ ਸਕੀਆਂ । ਇਸ ਲਈ ਭਾਈ ਸ਼ਮੀਰ ਅਤੇ



ਲਖਮੀਰ ਦਾ ਬਾਅਦ ਦਾ ਜੀਵਨ ਪ੍ਰਾਪਤ ਨਹੀਂ ਹੋ ਸਕਿਆ । ਪਰ ਇਕ ਗੱਲ ਨਿਸਚੇ ਤੌਰ ਤੇ ਕਹੀ ਜਾ ਸਕਦੀ ਹੈ, ਕਿ ਇਨ੍ਹਾਂ ਪਾਸ ਨਿਵਾਸ ਕਰਦੇ ਹੋਏ, ਗੁਰੂ ਸਾਹਿਬ ਅੰਮ੍ਰਿਤ ਪ੍ਰਚਾਰ ਤੇ ਨਿਕਲਦੇ ਸਨ, ਤਾਂ ਇਹ ਦੋਵੇਂ ਭਰਾ ਵੀ ਇਸ ਅਮੁਲੀ ਦਾਤ ਤੋਂ ਵਾਂਝੇ ਨਹੀਂ ਸਨ ਰਹਿ ਸਕਦੇ । ਜਿਹਾ ਕਿ ਭਾਈ ਡੱਲਾ ਸਿੰਘ ਦੀ ਸਾਖੀ ਤੋਂ ਵੀ ਪ੍ਰਤੱਖ ਹੁੰਦਾ ਹੈ ਕਿ ਗੁਰੂ ਸਾਹਿਬ ਉਸੇ ਹੀ ਸਿਖ ਨੂੰ ਆਪਣਾ ਨਜ਼ਦੀਕੀ ਬਨਾਉਣ ਨੂੰ ਤਿਆਰ ਸਨ ਜੋ ਪਹਿਲਾ ਖੰਡੇ ਦੀ ਪਾਹੁਲ ਛਕੇ । ਇਹ ਗੁਰੂ ਦੀ ਮਹਾਨਤਾ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਇਸੇ ਲਈ ਗੁਰੂ ਸਾਹਿਬ ਦੀ ਸੁਰਖਿਆ ਲਈ ਵੱਡੀ ਤੋਂ ਵੱਡੀ ਕੁਰਬਾਨੀ ਦਾ ਸਬੂਤ ਦਿਤਾ । ਕਾਸ਼, ਅਜੋਕੀ ਸਿੱਖ ਕੌਮ ਗੁਰੂ ਦੀ ਮਹਾਨਤਾ ਤੋਂ ਵਾਕਿਫ ਹੋ ਸਕਦੀ, ਤਾਂ ਜੋ ਗੁਰੂ ਉਪਦੇਸ਼ਾਂ ਦੇ ਪ੍ਰਚਾਰ ਤੇ ਪਰਸਾਰ ਵਿਚ ਕੁਝ ਯੋਗਦਾਨ ਦੇ ਸਕਦੀ ।

## 7. ਮਾਈ ਭਾਗ ਕੌਰ ਜੀ

ਤਰਨ-ਤਾਰਨ ਤੋਂ ਛੇ ਕੁ ਮੀਲ, ਦੀ ਵਿਥ ਤੇ 'ਝਬਾਲ' ਨਾਮ ਦਾ ਪਿੰਡ ਹੈ । ਮੁਗਲ ਰਾਜ ਸਮੇਂ ਇਸ ਪਿੰਡ ('ਝਬਾਲ' ਤਲੋਂ ਪੱਟੀ ਦੇ ਪਰਗਨੇ ਵਿਚ ਸੀ) ਵਿਚ ਗੁਰਸਿੱਖੀ ਚੰਗੀ ਫੈਲੀ ਹੋਈ ਸੀ । ਗੁਰੂ ਨਾਨਕ ਸਾਹਿਬ ਦੇ ਵੇਲੇ ਹੀ ਆਪ ਦੇ ਇਥੋਂ ਸੁਲਤਾਨਪੁਰ ਨੂੰ ਆਉਂਦਿਆਂ ਜਾਂਦਿਆਂ ਸਿੱਖੀ ਦਾ ਬੀਜ ਬੀਜਿਆ ਗਿਆ ਸੀ ।

ਪੱਟੀ ਦੇ ਪਰਗਣੇ ਵਿਚ ਉਸ ਸਮੇਂ ਬਹੁਤ ਸਾਰੇ ਹਿੰਦੂ, 'ਸਖੀ ਸਰਵਰ' ਦੇ ਸ਼ਰਧਾਲੂ ਬਣ ਚੁਕੇ ਸਨ । ਇਹਨਾਂ ਨੂੰ ਸੁਲਤਾਨੀਏਂ ਜਾਂ ਸਰਵਰੀਏ ਵੀ ਕਿਹਾ ਜਾਂਦਾ ਸੀ । ਝਬਾਲ ਪਿੰਡ ਵਿਚ ਕੁਝ ਹਿੰਦੂ ਪਰਵਾਰ ਸੁਲਤਾਨੀਏ ਬਣ ਚੁਕੇ ਸਨ ।

ਸੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਥੇ ਇਕ ਮੰਨਿਆ-ਪ੍ਰਮੰਨਿਆ ਹਿੰਦੂ ਚੌਧਰੀ ਵੀ ਸੁਲਤਾਨੀਆ ਬਣ ਚੁਕਾ ਸੀ । ਇਸ ਦਾ ਨਾਂ ਸੀ ਅਬੁਲਖੈਰ । ਲੰਗਾਹਾ ਸ਼ਾਹ ਇਸਦਾ ਪੁਤਰ ਸੀ ਤੇ ਇਹ ਢਿਲੋਂ ਗੋਤ ਦੇ ਜੱਟ ਸਨ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਲੋਕੀਂ ਪਹਿਲਾਂ ਹਿੰਦੂ ਸਨ ।

ਚੌਧਰੀ ਲੰਗਾਹਾ ਗੁਰਸਿੱਖਾਂ ਦੀ ਸੁਹਬਤ ਵਿਚ ਰਹਿਣ ਕਰਕੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆ ਗਿਆ । ਗੁਰੂ ਸਾਹਿਬ ਦੀ ਸ਼ਖਸੀਅਤ ਦਾ ਉਸ ਉਤੇ ਇੰਨਾ ਪ੍ਰਭਾਵ ਪਿਆ ਕਿ ਉਹ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਬਣ ਗਿਆ ਤੇ ਇਹਨਾਂ ਦੇ ਸਾਰੇ ਪਰਵਾਰ ਨੇ ਸੁਲਤਾਨੀ ਮਤ ਤਿਆਗ ਦਿੱਤਾ । ਸ੍ਰੀ ਦਰਬਾਰ ਸਾਹਿਬ ਹਰਿਮੰਦਿਰ ਸਾਹਿਬ ਦੀ ਇਮਾਰਤ ਦੀ ਉਸਾਰੀ ਵਿਚ ਇਸਨੇ ਬਹੁਤ ਸੇਵਾ ਕੀਤੀ ।

ਜਦ ਗੁਰੂ ਅਰਜਨ ਦੇਵ ਜੀ ਸ਼ਹੀਦੀ ਦੇਣ ਲਈ ਲਾਹੌਰ ਗਏ ਤਾਂ ਉਨ੍ਹਾਂ ਨਾਲ ਜਿ ਸਿੱਖ ਭੀ ਗਏ ਸਨ ਜਿਨ੍ਹਾਂ ਵਿਚ ਭਾਈ ਲੰਗਾਹਾ ਜੀ ਵੀ ਸਨ । ਉਸਨੇ ਗੁਰੂ ਸਾਹਿਬ ਦੇ ਨਾਲ ਬਹੁਤ ਤਸੀਹੇ ਝੱਲੇ ਸਨ । ਬਾਕੀ ਚਾਰ ਸਿੱਖ – ਭਾ: ਜੇਠਾ, ਪੈੜਾ, ਬਿਧੀਆ ਤੇ ਪਿਰਾਣਾ ਸਨ । ਭਾਈ ਗੁਰਦਾਸ ਜੀ ਨੇ ਵੀ ਆਪਣੀ 11ਵੀਂ ਵਾਰ ਵਿਚ 'ਭਾਈ ਲੰਗਾਹਾ' ਜੀ ਦਾ ਨਾਂ ਮੁਖੀ ਸਿੱਖਾਂ ਵਿਚ ਦਿੱਤਾ ਹੈ । ਆਪ ਲਿਖਦੇ ਹਨ :

'ਪਟੀ ਅੰਦਰ ਚਉਧਰੀ ਢਿਲੋਂ ਲਾਲ ਲੰਗਾਹਾ ਸੁਹੰਦਾ । (ਵਾਰ: ੧੧-੧੨)

ਇਸ ਲੰਗਾਹ ਦਾ ਇਕ ਹੋਰ ਭਰਾ ਸੀ, ਜਿਸ ਦਾ ਨਾਮ 'ਪੈਰੋਸ਼ਾਹ' ਸੀ। ਇਹ ਵੀ ਮੁਸੱਲਕੇ ਨਾਮ ਵਾਲਾ ਮੁਲਤਾਨੀਆ ਹਿੰਦੂ ਸੀ। ਇਹ ਵੀ ਆਪਣੇ ਪਰਵਾਰ ਵਿਚ ਆਈ ਗੁਰਸਿੱਖੀ ਦੇ ਅਸਰ ਨਾਲ ਸਿੱਖ ਹੋ ਗਿਆ ਸੀ ਤੇ ਗੁਰੂ ਦੇ ਦਰਬਾਰ ਦਰਸ਼ਨਾਂ ਨੂੰ ਆਇਆ ਜਾਇਆ ਕਰਦਾ ਸੀ। ਇਸਦੇ ਪੁਤ੍ਰ ਦਾ ਨਾਮ ਮਾਲੋਸ਼ਾਹ ਸੀ। ਉਹ ਵੀ ਗੁਰੂ ਘਰ ਦਾ ਸਿੱਖ ਹੋਇਆ ਸੀ ਤੇ ਛੇਵੇਂ ਸਤਿਗੁਰਾਂ ਵੇਲੇ ਸੇਵਾ ਕਰਦਾ ਰਿਹਾ ਸੀ। ਇਸਦੀ ਉਲਾਦ ਵਿਚ ਇਕ ਬੱਚੀ ਦਾ ਜਨਮ ਹੋਇਆ, ਜਿਸ ਦਾ ਨਾਮ ਸਿੱਖ ਇਤਿਹਾਸ ਵਿਚ 'ਮਾਈ ਭਾਗ ਕੌਰ' ਕਰਕੇ ਪ੍ਰਸਿੱਧ ਹੈ।

ਇਹ ਮਾਈ ਭਾਗ ਕੌਰ, ਆਪਣੇ ਪਿਤਾ ਨਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿਚ ਇਕ-ਦੋ ਵਾਰ ਜਾਣ ਕਰਕੇ ਗੁਰਸਿੱਖੀ ਦੀ ਪ੍ਰੇਮਣ ਤੇ ਗੁਰਸਿੱਖਾਂ ਦੇ ਅਸੂਲ ਧਾਰਨ ਵਿਚ ਤਕੜੀ ਹੋ ਗਈ ਸੀ। ਇਸ ਦੇ ਪਰਵਾਰ ਦੇ ਬੰਦੇ ਗੁਰੂ ਗੋਬਿੰਦ ਸਿੰਘ ਜੀ ਦੀ ਗੁਰ ਗੱਦੀ ਨਸ਼ੀਨੀ ਸਮੇਂ ਅਨੰਦਪੁਰ ਸਾਹਿਬ ਗਏ ਸਨ, ਅਤੇ ਇਹ ਭੀ ਨਾਲ ਗਈ ਸੀ। ਇਸ ਉਪਰੰਤ ਜਦ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ-ਪਾਹੁਲ ਦੀ ਰਸਮ ਬਦਲ ਕੇ ਖੰਡੇ ਦੀ ਪਾਹੁਲ ਚਲਾਈ ਅਤੇ ਖਾਲਸਾ ਪ੍ਰਗਟ ਕੀਤਾ, ਤਾਂ ਇਸ ਮਾਈ ਭਾਗ ਕੌਰ ਦੇ ਪਰਵਾਰ ਵਿਚੋਂ ਵੀ ਕਈ ਬੰਦੇ ਅੰਮ੍ਰਿਤ ਛੱਕ ਕੇ ਵਾਪਸ ਪਰਤੇ। ਇਸ ਉਪਰੰਤ ਛੇਤੀ ਹੀ ਸਾਰੇ ਸ਼ਹਿਰਾਂ ਪਿੰਡਾਂ ਵਿਚ ਸਿੰਘਾਂ ਨੂੰ ਭੇਜ ਕੇ ਖੰਡੇ ਦੀ ਪਾਹੁਲ ਦਿਤੀ ਗਈ ਅਤੇ ਭਾਰੀ ਗਿਣਤੀ ਵਿਚ ਖਾਲਸਾ ਤਿਆਰ ਹੋ ਗਿਆ।

ਸੰਨ 1701 ਵਿਚ ਪਹਾੜੀਆਂ ਨੇ ਗੁਰੂ ਸਾਹਿਬ ਨਾਲ ਦੁਬਾਰਾ ਜੰਗ ਛੇੜ ਦਿਤੀ। ਜਦ ਪਹਾੜੀ ਹਿੰਦੂ ਰਾਜਿਆਂ ਦੀਆਂ ਗੁਰੂ-ਘਰ ਨਾਲ ਵਧੀਕੀਆਂ ਦੀ ਖਬਰ ਅੰਮ੍ਰਿਤਸਰ ਦੇ ਇਲਾਕੇ ਵਿਚ ਪਹੁੰਚੀ ਤਾਂ ਬਹੁਤ ਸਾਰੇ ਗਭਰੂ, ਜਿਨ੍ਹਾਂ ਵਿਚ ਮਸੰਦ ਦੂਨੀ ਚੰਦ ਦੇ ਪੋਤਰੇ—ਸ: ਅਨੂਪ ਸਿੰਘ ਤੇ ਸਰੂਪ ਸਿੰਘ ਉਘੇ ਜਥੇਦਾਰ ਸਨ—ਸ੍ਰੀ ਅਨੰਦਪੁਰ ਸਾਹਿਬ ਲਈ ਤਿਆਰ ਹੋਏ। ਜਦ ਬੀਬੀ ਭਾਗ ਕੌਰ ਨੂੰ ਇਹ ਖਬਰ ਮਿਲੀ ਤਾਂ ਉਹ ਭੀ ਆਪਣੇ ਭਰਾਵਾਂ ਨਾਲ ਜਾਣ ਲਈ ਤਿਆਰ ਹੋ ਪਈ, ਪਰ ਪਰਵਾਰ ਦੇ ਹੋਰ ਮੈਂਬਰਾਂ ਨੇ ਕਿਹਾ ਕਿ ਪਰਵਾਰ ਵਿਚੋਂ ਗੱਭਰੂ ਤਾਂ ਗੁਰੂ ਸੇਵਾ ਲਈ ਜਾ ਹੀ ਰਹੇ ਹਨ, ਤੁਸੀਂ ਫਿਰ ਕਦੇ ਚਲੇ ਜਾਣਾ। ਬੀਬੀ ਜੀ ਨੇ ਬਹੁਤ ਜ਼ੋਰ ਲਾਇਆ ਪਰ ਮਾਤਾ-ਪਿਤਾ ਨੇ ਨਾ ਜਾਣ ਦਿਤਾ ਅਤੇ ਕਿਹਾ ਫਿਰ ਜਦੋਂ ਮੌਕਾ ਬਣੇਗਾ ਤੁਹਾਨੂੰ ਸਤਿਗੁਰਾਂ ਦੇ ਦਰਸ਼ਨਾਂ ਲਈ ਲੈ ਜਾਵਾਂਗੇ।

ਇਹਨਾਂ ਦੋਹਾਂ ਭਰਾਵਾਂ ਨੇ ਸੰਗਤਾਂ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਪ੍ਰੇਰਣਾ ਕੀਤੀ ਕਿ ਵੱਧ ਤੋਂ ਵੱਧ ਗਭਰੂ ਇਸ ਮੌਕੇ ਤੇ ਆਪਣੇ ਆਪ ਨੂੰ ਪੇਸ਼ ਕਰਨ, ਕਿਉਂਕਿ 'ਗੁਰੂ' ਸਭ ਤੋਂ ਵੱਡਾ ਹੈ, ਜੇ 'ਗੁਰੂ' ਦਾ ਗੁਰੂ 'ਗੁਰੂ' ਹੈ ਤੇ ਸਭ ਸਾਕਾਂ ਤੋਂ ਪਿਆਰਾ ਹੈ। ਇਸ ਕਥਨ ਪਰ ਕੋਈ ਪੰਜਾਹ ਕੁ ਸਾਕ ਹੈ ਤਾਂ ਸਾਰੇ ਸਾਕ ਹਨ, ਨਹੀਂ ਤਾਂ ਕੋਈ ਨਹੀਂ। ਇਸ ਕਥਨ ਪਰ ਕੋਈ ਪੰਜਾਹ ਕੁ ਜੁਆਨ ਹੋਰ ਨਿਤਰੇ, ਕੁਝ ਸਿੰਘ ਏਥੋਂ ਤਿਆਰ ਹੋ ਕੇ ਇਹ ਗੱਲ ਦਸਣ ਲਈ ਪਿੰਡਾਂ ਵਿਚ ਨਿਕਲ ਗਏ ਤਾਂ ਜੋ ਹੋਰ ਸਿੰਘ ਨਿਤਰਨ, ਜੋ ਜਥੇ ਦੇ ਨਾਲ ਚਲ ਪੈਣ। ਇਸ ਤਰ੍ਹਾਂ ਸਿਘਾਂ ਦੇ ਕਾਫੀ ਜਥੇ ਤਿਆਰ ਹੋ ਗਏ। ਹੁਣ ਇਕ ਹਰਕਾਰਾ ਸਤਿਗੁਰੂ ਦੀ ਸੇਵਾ ਵਿਚ ਸਾਰੇ ਹਾਲਾਤ ਦਸਣ ਲਈ ਘੱਲ ਦਿਤਾ, ਤਾਂ ਜੋ ਸਤਿਗੁਰਾਂ ਨੂੰ ਪਤਾ ਲੱਗ ਜਾਵੇ ਕਿ ਇਕ ਭਾਰੀ ਜੱਥਾ, ਦੁਨੀ ਚੰਦ ਦੇ ਪੋਤ੍ਰਿਆਂ ਦੀ ਸਰਦਾਰੀ ਹੇਠ ਆ ਰਿਹਾ ਹੈ। ਸਿੰਘ ਭੇਸ ਵਟਾ ਕੇ ਅਤੇ ਥੋੜੇ ਥੋੜੇ ਕਰਕੇ ਅਨੰਦਪੁਰ ਸਾਹਿਬ ਪਹੁੰਚ ਗਏ। ਇਸ ਜੁਧ ਵਿਚ ਖਾਲਸੇ ਨੂੰ ਭਾਰੀ ਜਿਤ ਹੋਈ।

ਕੁਝ ਸਮੇਂ ਮਗਰੋਂ ਕਈ ਹੋਰ ਛੋਟੇ ਮੋਟੇ ਸੰਗ੍ਰਾਮਾਂ ਦੇ ਪਿਛੋਂ ਖਬਰ ਧੁਮ ਗਈ ਕਿ ਬਾਈਧਾਰ ਦੇ ਰਾਜਿਆਂ ਨੇ ਹੋਰ ਮੁਗਲਾਂ, ਰੰਘੜਾਂ ਤੇ ਸੂਬਿਆਂ ਦੀ ਸਹਾਇਤਾ ਨਾਲ ਹੱਲਾ ਬੋਲਿਆ ਹੈ ਇਹ ਸੁਣਦੇ ਸਾਰ ਪੰਜਾਬ ਭਰ ਚੋਂ ਸਿੱਖ ਗੁਰੂ ਸਾਹਿਬ ਦੀ ਸੇਵਾ ਲਈ ਅਨੰਦਪੁਰ ਸਾਹਿਬ ਜਾਣ ਲੱਗ ਪਏ।

ਬੀਬੀ ਜੀ ਦੇ ਪਿੰਡ ਅਤੇ ਲਾਗਲੇ ਪਿੰਡਾਂ ਦੇ ਪ੍ਰੇਮੀ ਸਿੰਘ ਵੀ ਅਨੰਦਪੁਰ ਨੂੰ ਜਾਂਦੇ ਰਹਿੰਦੇ ਸਨ। ਉਹ ਕਦੀ ਕਦਾਈਂ ਰਾਤ ਇਨ੍ਹਾਂ ਦੇ ਘਰ ਟਿਕ ਜਾਂਦੇ ਸਨ।

ਅਖੀਰ ਖਬਰਾਂ ਪੁਜੀਆਂ ਕਿ ਹੁਣ ਅਨੰਦਪੁਰ ਸਾਹਿਬ ਬਚ ਨਹੀਂ ਸਕਦਾ। ਫਿਰ ਖਬਰ ਆਈ ਕਿ ਸਤਿਗੁਰੂ ਅਨੰਦਪੁਰ ਛੱਡ ਗਏ ਹਨ ਤੇ ਮਾਲਵੇ ਵਿਚ ਅਪੜ ਗਏ ਹਨ। ਚਮਕੌਰ ਦੇ ਸਾਕੇ ਦੀਆਂ ਖਬਰਾਂ ਵੀ ਧੁਮ ਗਈਆਂ। ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਦਰਦਨਾਕ ਸਾਕੇ ਦੀਆਂ ਖਬਰਾਂ ਵੀ ਸਾਰੇ ਪੰਜਾਬ ਵਿਚ ਫੈਲ ਗਈਆਂ। ਜਦ ਵਜ਼ੀਰ ਖਾਂ ਸੂਬਾ-ਸਰਹੰਦ ਨੂੰ ਖਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਸਹੀ ਸਲਾਮਤ ਦੀਨੇ ਪਿੰਡ ਭਾਈ ਲਖਮੀਰਾ ਤੇ ਸ਼ਮੀਰਾਂ ਪਾਸ ਠਹਿਰੇ ਹੋਏ ਹਨ, ਅਤੇ ਖਾਲਸਾ ਤਿਆਰ ਕਰ ਰਹੇ ਹਨ, ਤਾਂ ਉਹ ਇਕ ਵਾਰੀ ਹੋਰ ਸਤਿਗੁਰਾਂ ਉਤੇ ਵਾਰ ਕਰਨ ਲਈ ਤਿਆਰ ਹੋ ਗਿਆ। ਉਸਦੇ ਹਮਲਾ ਕਰਨ ਦੀ ਨੀਯਤ ਤੋਂ ਖਾਲਸਾ ਪੰਥ ਵਿਚ ਗੁਸੇ ਦੀ ਅੱਗ ਭੜਕ ਉਠੀ। ਇਸ ਸਮੇਂ ਇਸ ਮਰਦ ਮਾਈ ਤੋਂ, ਸਤਿਗੁਰਾਂ ਲਈ ਸ਼ਰਧਾ ਤੇ ਪਿਆਰ ਦੇ ਜਜ਼ਬਾਤ ਸੰਭਾਲੇ ਨਾ ਗਏ ਤੇ ਬੀਰ ਰਸ ਨਾਲ ਖੂਨ ਉਬਾਲੇ ਖਾਣ ਲਗ ਪਿਆ। ਘਰ ਵਾਲੇ ਨੂੰ ਕਹਿਣ ਲਗੀ "ਚਲੋ ਸਿੰਘ ਜੀ ! ਸਰੀਰ ਸਤਿਗੁਰੂ ਦੇ ਅਰਪਨ ਕਰੀਏ, ਉਂਝ ਵੀ ਤਾਂ ਕਿਸੇ ਦੁਖ ਨਾਲ ਮਰਨਾ ਹੀ ਹੈ। ਅਸੀਂ ਸੁਖ ਵਿਚ ਬੈਠੇ ਰਹੀਏ ਤੇ ਆਪਣੇ ਸਤਿਗੁਰਾਂ ਦੀ ਸਿੱਖੀ ਉਜੜਦੀ ਸੁਣੀਏ, ਸਿੱਖ ਕਤਲ ਹੁੰਦੇ ਕੰਨੀ ਪੈਣ, ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀਆਂ ਖਬਰਾਂ ਕੰਨੀ ਪੈਣ, ਸ਼ੀਰ ਖੋਰ ਬਚਿਆਂ ਦੇ ਕੰਧਾਂ ਵਿਚ ਚਿਣ ਦਿਤੇ ਜਾਣ ਤੇ ਕੋਹੇ ਜਾਣ ਦੀ ਖਬਰ ਸਾਡੇ ਦਿਲ ਵਿੰਨ ਜਾਵੇ, ਦਾਤਾ ਗੁਰੂ ਜਗਤ ਦੀ ਰਖਿਆ ਖਾਤਰ, ਸਾਡੇ ਤੁਹਾਡੇ ਵਰਗੀ ਪਰਜਾ ਦੇ ਭਲੇ ਖਾਤਰ ਜੂਝਦਾ ਤੇ ਦਰ-ਬਦਰ ਹੁੰਦਾ ਫਿਰੇ ਤੇ ਹੁਣ ਉਸਦੀ ਪਿਆਰੀ ਜਾਨ ਵੀ ਦੁਸ਼ਮਨ ਜ਼ਾਲਮ ਦੀ ਜ਼ੁਲਮੀ ਨਜ਼ਰ ਤੋਂ ਨਾ ਬਚਦੀ ਦਿਸੇ ਤਾਂ ਲਾਹਨਤ ਹੈ ਸਾਡੇ ਉਤੇ ਕਿ ਅਸੀਂ ਘਰ ਵਿਚ ਬੈਠੇ ਰਹੀਏ।

ਘਰ ਵਾਲਾ ਵੀ ਗੁਰੂ ਪ੍ਰੇਮੀ ਸੀ। ਅੱਗੋਂ ਆਖਣ ਲੱਗਾ ਕਿ ਹੁਣ ਹੱਦ ਹੋ ਗਈ ਹੈ। ਹੁਣ ਜੀਉਣਾ ਹਰਾਮ ਹੈ, ਹੁਣ ਜੀਉਣ ਦਾ ਕੋਈ ਹੱਜ ਨਹੀਂ। ਬੀਬੀ ਭਾਗ ਕੌਰ ਇਹ ਸੁਣਕੇ ਉਠੀ ਅਤੇ ਘੋੜੇ ਤੇ ਚੜ੍ਹ ਬੈਠੀ ਤੇ ਸਾਰੇ ਪਿੰਡ ਵਿਚ ਪਲ੍ਹ ਫੇਰ ਦਿਤਾ ਕਿ

ਚਲੋ ਜਿਸ ਕਿਸੇ ਨੇ ਸਤਿਗੁਰੂ ਤੋਂ ਜਾਨ ਵਾਰਨੀ ਹੈ। ਇਸ ਤਰ੍ਹਾਂ ਪਿੰਡਾਂ ਦੇ ਸਿੱਖ ਤਿਆਰ ਕੀਤੇ, ਜੋ ਝਬਾਲ ਆ ਇਕੱਠੇ ਹੋਏ (ਇਹ ਵੀ ਖਿਆਲ ਹੈ ਕਿ ਇਹ ਇਕੱਠ ਪੱਟੀ ਦੀ ਰੱਖ ਵਿਚ ਹੋਇਆ ਸੀ) ਖਾਲਸੇ ਦਾ ਇਹ ਵਹੀਰ ਤਿਆਰ ਹੋ ਕੇ ਸਤਿਗੁਰਾਂ ਵਲ ਮਾਲਵੇ ਨੂੰ ਹੋ ਟੁਰਿਆ [ਮਾਈ ਭਾਗੋ ਦਾ ਪੇਕਾ ਪਿੰਡ ਝਬਾਲ ਸੀ ਤੇ ਖਿਆਲ ਕੀਤਾ ਜਾਂਦਾ ਹੈ ਕਿ ਇਹਨਾਂ ਦਾ ਸਹੁਰਾ ਪਿੰਡ ਪੱਟੀ ਸੀ ] ਰੁਪੀਆਣਾ ਲੰਘ ਕੇ ਖਿਦਰਾਣੇ ਦੇ ਲਾਗੇ ਜਿਹੇ ਜਾਕੇ ਸਤਿਗੁਰਾਂ ਦੀ ਸੇਵਾ ਵਿਖੇ ਪੁਜੇ। ਜਿਨ੍ਹਾਂ ਮੁਖੀਆਂ ਦੇ ਨਾਮ ਇਤਿਹਾਸਕ ਤੌਰ ਤੇ ਮਿਲਦੇ ਹਨ, ਉਹ ਚਾਲੀ ਦੇ ਲਗ ਪਗ ਸਨ। ਜਿੰਨਾਂ ਵਹੀਰ ਆਇਆ ਸੀ ਸਾਰੇ ਦਾ ਸਾਰਾ ਸਨਧ-ਬੱਧ, ਸਾਮਾਨਿ-ਜੰਗ ਨਾਲ ਸਸ਼ੋਭਤ ਸੀ ਤੇ ਘਰੋਂ ਸਤਿਗੁਰੂ ਜੀ ਦੀ ਸੇਵਾ ਵਿਚ ਜੁੱਧ ਕਰਨ ਆਇਆ ਸੀ। ਮਹਾਂ ਸਿੰਘ ਨੂੰ ਪਿੰਡੋਂ ਜਥੇਦਾਰ ਥਾਪ ਕੇ ਤੋਰਿਆ ਗਿਆ ਸੀ। ਖਰਚ ਵਾਸਤੇ ਪਦਾਰਥ ਭੀ ਨਾਲ ਸਨ। ਸਾਰਾ ਵਹੀਰ ਕਈ ਸੌ ਦਾ ਸੀ ਪਰ ਉਸ ਵਿਚ ਮਝੈਲਾਂ ਤੋਂ ਸਿਵਾ ਪੰਜਾਬ ਦੇ ਕਈ ਇਲਾਕਿਆਂ ਦੇ ਸਿੰਘ ਵੀ ਸਨ।

ਗੁਰੂ ਸਾਹਿਬ ਨੇ ਜੰਗ ਦੀ ਸਾਰੀ ਵਿਉਂਤ ਬਣਾਈ। ਉਥੇ ਬੇਰੀਆਂ ਦਾ ਭਾਰੀ ਜੰਗਲ ਸੀ। ਸਿੰਘਾਂ ਨੇ ਵੱਡੇ ਵੱਡੇ ਚਾਦਰੇ ਬੇਰੀਆਂ ਤੇ ਪਾ ਕੇ ਐਸੀ ਸ਼ਕਲ- ਬਣਾ ਦਿਤੀ ਕਿ ਦੂਰੋਂ ਤੰਬੂ ਜਾਪਣ। ਪਾਣੀ ਦੇ ਛੰਭ ਨੂੰ ਹਰ ਹਾਲਤ ਵਿਚ ਆਪਣੇ ਕਬਜ਼ੇ ਵਿਚ ਰਖਣ ਹਿਤ ਇਹ ਮੋਰਚੇ ਕਾਫੀ ਅੱਗੇ ਜਾਕੇ ਬਣਾਏ ਗਏ, ਕਿਉਂਕਿ ਮੈਦਾਨਿ-ਜੰਗ ਵਿਚ ਪਾਣੀ ਨਾ ਹੋਣ ਕਰਕੇ ਫੌਜਾਂ ਦੀ ਬੁਰੀ ਹਾਲਤ ਹੋ ਜਾਂਦੀ ਹੈ। ਗੁਰੂ ਜੀ ਨੇ ਫੌਜਾਂ ਨੂੰ ਵੱਖ ਵੱਖ ਜਥੇਦਾਰਾਂ ਦੀ ਸਰਦਾਰੀ ਹੇਠ ਵੰਡ ਕੇ ਵੱਖ ਵੱਖ ਮੋਰਚਿਆਂ ਤੇ ਨਿਯੁਕਤ ਕੀਤਾ। ਗੁਰੂ ਸਾਹਿਬ ਆਪ ਟਿੱਬੀ ਦੇ ਉਪਰ ਬੈਠ ਗਏ। ਸੂਬਾ-ਸਰਹੰਦ ਦੀ ਫੌਜ ਪੁਜੀ ਤੇ ਘਮਸਾਨ ਦਾ ਜੰਗ ਹੋਇਆ। ਅੰਤ ਫਤਹਿ ਖਾਲਸੇ ਦੀ ਹੋਈ। ਵੈਰੀ ਦਲ ਸ਼ਾਮ ਦੇ ਢਲਣ ਤੱਕ ਮੂੰਹ ਦੀ ਖਾ ਕੇ ਦੌੜ ਗਿਆ। ਇਸ ਯੁਧ ਵਿਚ ਕਾਫੀ ਸਿੰਘ ਸ਼ਹੀਦ ਹੋਏ।

ਹੁਣ ਸਤਿਗੁਰੂ ਜੀ ਟਿੱਬੀ ਤੋਂ ਉਤਰ ਕੇ ਜਿਥੇ ਸਿੰਘ ਜੂਝਦੇ ਹੋਏ ਸ਼ਹੀਦ ਹੋਏ ਪਏ ਸਨ, ਆ ਪਹੁੰਚੇ। ਜਥੇਦਾਰ ਮਹਾਂ ਸਿੰਘ ਪਾਸ ਪੁਜ ਤੇ ਕਿਹਾ

"ਜਾਹੁ ਮਹਾਂ ਸਿੰਘ ਜਹਿ ਮਮ ਲੋਕ। ਬਸਹੁ ਸਦਾ ਕਬ ਨਹਿ ਤਹਿ ਸੋਕ।
ਦੇ ਕਰ ਪ੍ਰਾਨ ਕੀਨ ਉਪਕਾਰ। ਤਿਸ ਕੋ ਫਲ ਤੁਹਿ ਭਇਓ ਅਪਾਰ।"

ਇਸ ਵੇਲੇ ਇਕ ਸਿੱਖ ਨੇ ਆਖਿਆ : 'ਸਚੇ ਪਾਤਸ਼ਾਹ ! ਇਕ ਮਾਈ ਦਾ ਸਰੀਰ ਪਇਆ ਹੈ, ਮਰੀ ਨਹੀਂ ! ਇਹ ਵੀ ਦਸਦੇ ਹਨ ਕਿ ਮਾਈ ਇਸ ਵੇਲੇ ਮਰਦਾਵੇਂ ਵੇਸ ਵਿਚ ਸੀ ਤੇ ਕਪੜੇ ਕੁਝ ਫਟੇ ਹੋਏ ਸਨ। ਤੁਰਕਾਂ ਨਾਲ ਲੜੀ ਹੈ ਤੇ ਘਾਇਲ ਜਾਪਦੀ ਹੈ, ਪਾਸ ਹੀ ਉਹ ਤੁਰਕ ਦੀ ਦੇਹ ਵੀ ਪਈ ਸੀ ਜਿਸ ਨੂੰ ਮਾਈ ਨੇ ਸਾਂਗ ਨਾਲ ਪਰੋ ਕੇ ਸੁਟਿਆ ਸੀ। ਪਰੇ ਉਹ ਲੋਥ ਵੀ ਪਈ ਸੀ ਜਿਸ ਨੂੰ ਗੁਰੂ ਸਾਹਿਬ ਦੇ ਟਿੱਬੀ ਤੋਂ ਆਏ ਤੀਰ ਨੇ ਜਮ ਲੋਕ ਪੁਚਾ ਦਿਤਾ ਸੀ। ਮਾਈ ਨੂੰ ਜ਼ਖਮ ਮਾਮੂਲੀ ਸਨ, ਉਹਨਾਂ ਤੇ ਮਲ੍ਹਮ ਪੱਟੀ ਕਰ ਦਿਤੀ ਗਈ। ਜਲ ਪਿਲਾਇਆ ਗਿਆ। ਜੰਗ ਦਾ ਸਾਰਾ ਬ੍ਰਿਤਾਂਤ ਮਾਈ ਨੇ ਸਤਗੁਰਾਂ ਨੂੰ ਆਪ ਦਸਿਆ।

ਜੰਗਾਂ ਮਗਰੋਂ ਸਤਿਗੁਰੂ ਜੀ ਸਾਰੇ ਮਾਲਵੇ ਦਾ ਦੌਰਾ ਕਰਦੇ ਸਾਬੋ ਕੀ ਤਲਵੰਡੀ ਪਹੁੰਚੇ। ਮਾਈ ਭਾਗ ਕੌਰ ਗੁਰਸਿਖ ਵੀਰਾਂ-ਭੈਣਾਂ ਦੀ ਤਰ੍ਹਾਂ ਗੁਰੂ ਪਾਤਸ਼ਾਹ ਦੇ ਨਾਲ ਹੀ ਰਹੇ। ਸੂਰਜ ਪ੍ਰਕਾਸ਼ ਵਿਚ ਦਿਤੀ ਸਾਖੀ, ਕਿ ਬੀਬੀ ਭਾਗ ਕੌਰ ਨੰਗੀ ਰਹਿੰਦੀ ਸੀ, ਕਿਉਂਕਿ ਬ੍ਰਹਮ ਗਿਆਨੀ ਦੀ ਅਵਸੱਥਾ ਨੂੰ ਪ੍ਰਾਪਤ ਹੋ ਗਈ ਸੀ, ਬਿਲਕੁਲ ਬਕਵਾਸ ਹੈ। ਬ੍ਰਹਮ ਗਿਆਨੀ ਦੀ ਇਹ ਅਵੱਸਥਾ ਸਿੱਖ ਮੱਤ ਵਿਚ ਪ੍ਰਵਾਨ ਨਹੀਂ ਅਤੇ ਨਾ ਹੀ ਹੋਰ ਲੱਖਾਂ ਗੁਰ-ਸਿੱਖਾਂ ਜੋ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪ੍ਰਾਪਤ ਹੋਏ, ਵਿਚੋਂ ਐਸੀ ਘਟਨਾ ਮਿਲਦੀ ਹੈ। ਇਹ ਗੱਲ ਕਿਸੇ ਗੁਰੂ ਨਿੰਦਕ ਨੇ ਵਿਚ ਪਾ ਦਿਤੀ ਜਾਪਦੀ ਹੈ। ਉਂਝ ਆਪਣੇ ਰੰਗ ਵਿਚ ਬੇ ਪਰਵਾਹ ਵਿਚਰਦੇ ਸਨ। ਪਰ ਰਾਤ ਜਿਥੇ ਗੁਰੂ ਸਾਹਿਬ ਦਾ ਆਸਣ ਹੋਵੇ ਤੇ ਪਹਿਰਾ ਲਗੇ, ਆਪ ਜੀ ਹੱਥ ਵਿਚ ਸਾਂਗ ਲੈ ਕੇ ਰਾਤ ਭਰ ਮਰਦਾਂ ਦੀ ਤਰ੍ਹਾਂ ਪਹਿਰਾ ਦੇਂਦੇ। ਭਾਗ ਵਾਲੀ ਮਾਈ ਭਾਗ ਕੌਰ ਦਮਦਮੇ ਸਾਹਿਬ ਗੁਰੂ ਸਾਹਿਬ ਦੇ ਨਾਲ ਰਹੀ। ਸਾਹਿਬ ਦੱਖਣ ਨੂੰ ਤੁਰੇ ਤਾਂ ਮਾਈ ਭਾਗ ਕੌਰ ਨਾਲ ਹੀ ਰਹੀ। ਨਦੇੜ ਦੇ ਸਾਰੇ ਕੌਤਕ ਮਾਈ ਜੀ ਨੇ ਦੇਖੇ. ਬੰਦਾ ਸਿੰਘ ਦੀ ਤਿਆਰੀ ਸਮੇਂ ਭੀ ਮਾਈ ਜੀ ਉਥੇ ਹੀ ਸਨ। ਮਰਦ ਪਹਿਰੇਦਾਰਾਂ ਦੇ ਹੁੰਦਿਆਂ ਸੁੱਤਿਆਂ ਗਾਫ਼ਲ ਨਹੀਂ ਹੁੰਦੀ ਤੇ ਰਾਤਾਂ ਜਾਗ ਕੇ ਹਥ ਵਿਚ ਸਾਂਗ ਲਈ ਚੌਕੀਆਂ ਦਿੰਦੀ ਸੀ। ਹਜ਼ੂਰ ਸਾਹਿਬ ਗੁਰਦੁਆਰੇ ਦੇ ਲਾਗੇ ਇਸ ਮਾਈ ਦਾ ਬੁੰਗਾ ਹੈ ਜੋ ਹੁਣ ਤਕ ਮੌਜੂਦ ਹੈ।

ਗੁਰੂ ਸਾਹਿਬ ਦੇ ਪਵਿਤਰ ਤਨ ਉਤੇ ਦੋਖੀ ਦੁਸ਼ਟ ਦਾ ਵਾਰ ਹੋ ਗਿਆ। ਮਾਈ ਜੀ ਨਾਦੇੜ ਛਡ ਕੇ 'ਬਿਦਰ' ਸ਼ਹਿਰ ਜਿਥੇ ਗੁਰੂ ਨਾਨਕ ਸਾਹਿਬ ਗਏ ਸਨ, ਜਾ ਰਹੇ।

ਜਦ ਤਕ ਮਾਈ ਜੀਵੀ, ਜਿਸ ਅੰਮ੍ਰਿਤ ਦੇ ਚਸ਼ਮੇ ਤੋਂ ਆਪ ਤ੍ਰਿਪਤੀ ਸੀ, ਉਸੇ ਚਸ਼ਮੇ ਤੋਂ ਆਤਮ-ਤ੍ਰਿਪਤੀ ਦਾ ਦਾਨ ਦੇ ਕੇ, ਮੋਏ ਮਨ ਜੀਵਾਲਦੀ ਰਹੀ ਆਪ ਤਰੀ ਤੇ ਜਗਤ ਤਾਰਦੀ ਰਹੀ।

ਲੋੜ ਹੈ ! ਕਿ ਅੱਜ ਦੀਆਂ ਸਿੱਖ ਬੀਬੀਆਂ ਐਸੀ ਮਹਾਨ ਬੀਬੀ ਦੇ ਜੀਵਨ ਤੋਂ ਸੇਧ ਲੈ ਕੇ ਗੁਰੂ-ਘਰ ਵਿਚ ਹੀ ਵਿਸ਼ਵਾਸ ਰਖ ਕੇ ਅਤੇ ਦਸਮੇਂ ਗੁਰੂ ਦੀ ਦਿਤੀ ਮਰਿਯਾਦਾ ਅਤੇ ਉਪਦੇਸ਼ਾਂ ਨੂੰ ਮੰਨ ਕੇ ਸਿੱਖੀ ਉਤੇ ਪਹਿਰਾ ਦੇਣ।

## *8 ਬੀਬੀ ਕਾਨੀ ਜੀ*

ਸਿੱਖ ਇਤਿਹਾਸ ਵੱਲ ਧਿਆਨ ਨਾ ਦੇਣ ਕਰਕੇ ਸਾਡੇ ਕਈ ਜ਼ਰੂਰੀ ਇਤਿਹਾਸਕ ਪੱਤਰੇ ਅਲੋਪ ਹੋ ਚੁਕੇ ਹਨ। ਕਾਫੀ ਸਮਾਂ ਸਿੱਖ-ਪੰਥ ਦੀ ਹੋਂਦ ਨੂੰ ਬਚਾਉਣ ਹਿਤ ਜੰਗਾਂ-ਯੁਧਾਂ ਦੇ ਬੜੇ ਭਿਆਨਕ ਸਮੇਂ ਵਿਚੋਂ ਨਿਕਲਣ ਦੇ ਕਾਰਨ, ਸਿੱਖ ਇਤਿਹਾਸ ਸੰਭਾਲਿਆ ਨਹੀਂ ਜਾ ਸਕਿਆ ਹੁਣ ਜੇ ਪਿਛਲੇ 30 ਸਾਲਾਂ ਤੋਂ ਕੁਝ ਸਮਾਂ ਮਿਲਿਆ ਵੀ ਤਾਂ ਇਕ ਕੇਂਦਰੀ ਜੱਥੇਬੰਦੀ ਦੀ ਅਣਹੋਂਦ ਕਾਰਨ ਕੇਂਦਰੀ ਤੌਰ ਤੇ ਕੋਈ ਉਪਰਾਲਾ ਸਿੱਖ ਇਤਿਹਾਸ ਦੀ ਖੋਜ ਬਾਰੇ ਨਹੀਂ ਕੀਤਾ ਜਾ ਸਕਿਆ। ਜਿਨ੍ਹਾਂ ਅੱਝਰੇ ਵਿਦਵਾਨਾਂ ਨੇ ਸਾਡਾ ਇਤਿਹਾਸ

ਲਿਖਿਆ ਹੈ, ਉਨ੍ਹਾਂ ਵਿਚੋਂ ਬਹੁਤ ਸਾਰੇ ਇਤਿਹਾਸਕਾਰ ਅਨਮੱਤੀਏ ਹਨ ਅਤੇ ਜੋ ਸਿੱਖ ਇਤਿਹਾਸਕਾਰ ਨਜ਼ਰ ਆਉਂਦੇ ਹਨ, ਉਹ ਜਾਂ ਤਾਂ ਅਮੀਰ ਹਨ ਜਾਂ ਜ਼ਮੀਰ-ਫਰੋਸ਼ ਤੇ ਡਰਾਇੰਗ ਰੂਮ ਵਿਚ ਬੈਠ ਕੇ ਖੋਜ ਕਰਨ ਵਾਲੇ ਹਨ। ਇਤਿਹਾਸ ਦੀ ਖੋਜ ਕਠਨ ਮਿਹਨਤ ਅਤੇ ਵੱਡਾ ਹੌਂਸਲਾ ਮੰਗਦੀ ਹੈ। ਸ. ਕਰਮ ਸਿੰਘ ਜੀ ਹਿਸਟੋਰੀਅਨ 1929 ਈ. ਵਿਚ ਕੌਮ ਨੂੰ ਜਗਾਉਣ ਲਈ ਇਉਂ ਕਹਿਆ ਸੀ :

'ਪਿਛਲੇ ਪੰਝੀ ਕੁ ਸਾਲ ਤੋਂ ਮੈਂ ਲਗਾਤਾਰ ਸਿੱਖ ਇਤਿਹਾਸ ਨੂੰ ਵਾਚਦਾ ਆ ਰਿਹਾ ਹਾਂ। ਪਰ ਅਜੇ ਵੀ ਕਿਤੇ ਮੈਨੂੰ ਅਟਕਾਂ ਭਾਸਦੀਆਂ ਹਨ! ਮੇਰੀ ਸਮਝ ਵਿਚ ਨਹੀਂ ਆਉਂਦਾ, ਜਿਸ ਘਟਨਾ ਨੇ ਵੀਹ ਸਾਲ ਤੀਕ ਮੇਰੀ ਮੱਤ ਮਾਰ ਛੱਡੀ ਸੀ, ਦੂਜਾ ਆਦਮੀ ਕੀਕੂੰ ਠੀਕ ਸਿੱਟੇ ਕੱਢ ਸਕਦਾ ਹੈ, ਜਦ ਕਿ ਉਸਨੇ ਉਸ ਸਮੇਂ ਦੇ ਇਤਿਹਾਸ ਨੂੰ ਚੰਗੀ ਤਰ੍ਹਾਂ ਵੀ ਵਾਚਿਆ ਨਾ ਹੋਵੇ। ਜਦ ਰਾਹ ਸਾਫ਼ ਹੋ ਗਿਆ ਤਾਂ ਇਤਨੇ ਵਾਚਣ ਦੀ ਲੋੜ ਨਹੀਂ ਰਹੇਗੀ, ਪਰ ਇਸ ਤੋਂ ਪਹਿਲਾਂ ਜੇਕਰ ਕੋਈ ਨੇਕ ਨੀਤੀ ਨਾਲ ਇਤਿਹਾਸ ਲਿਖਣਾ ਚਾਹੇ, ਉਸ ਲਈ ਜ਼ਰੂਰੀ ਹੈ ਕਿ ਉਹ ਦਸ ਵੀਹ ਸਾਲ ਇਸ ਕੰਮ ਉਤੇ ਲਾਏ, ਨਹੀਂ ਤਾਂ ਗੰਢ ਤਰੁਪ ਕਰ ਦੇਣਾ ਤਾਂ ਕੋਈ ਔਖਾ ਕੰਮ ਨਹੀਂ ਅਤੇ ਜਾਣਕਾਰ ਆਦਮੀ ਇਸ ਨੂੰ 'ਇਤਿਹਾਸ' ਨਹੀਂ ਆਖ ਸਕਦੇ ਅਤੇ ਨਾ ਹੀ ਕੌਮ ਦਾ ਇਸ ਤੋਂ ਕੁਝ ਭਲਾ ਹੋ ਸਕਦਾ ਹੈ।'

ਇਸ ਸਮੇਂ ਤਾਂ ਖੁਦਗਰਜ਼ ਅਤੇ ਜ਼ਮੀਰ-ਫਰੋਸ਼ ਇਤਿਹਾਸਕਾਰਾਂ ਵਲੋਂ ਸਿੱਖ ਮੱਤ ਦੇ ਸੁਨਹਿਰੀ ਅਸੂਲਾਂ ਤੇ ਇਤਿਹਾਸਕ ਘਟਨਾਵਾਂ ਨੂੰ ਝੁਠਲਾਉਣ ਲਈ ਵੱਡੀ ਪੱਧਰ ਤੇ ਜਤਨ ਕੀਤੇ ਜਾ ਰਹੇ ਹਨ। ਇਸ ਲੇਖ ਵਿਚ ਜਿਨ੍ਹਾਂ ਘਟਨਾਵਾਂ ਦਾ ਸਰਵੇਖਣ ਕਰਨ ਦਾ ਜਤਨ ਕੀਤਾ ਗਿਆ ਹੈ, ਉਹ ਹਨ—ਬੀਬੀ ਭਾਨੀ ਜੀ ਸਬੰਧੀ ਕੁਝ ਕੁ ਭੁਲੇਖੇ, ਜੋ ਪੁਰਾਤਨ ਲਿਖਾਰੀਆਂ ਅਤੇ ਮੌਜੂਦਾ ਦੌਰ ਦੇ ਇਤਿਹਾਸ ਖੋਜੀਆਂ ਵਲੋਂ ਗੁਰਮਤਿ ਫ਼ਿਲਾਸਫੀ ਦੀ ਘਟ ਸੂਝ ਹੋਣ ਕਾਰਨ ਪਾਏ ਗਏ ਹਨ। ਪਾਠਕ-ਜਨ ਆਪਣੀ ਬਿਬੇਕ ਬੁੱਧੀ ਨਾਲ ਵਿਚਾਰਨ ਦੀ ਕ੍ਰਿਪਾਲਤਾ ਕਰਨ।

ਭਾਵੇਂ ਬੀਬੀ ਭਾਨੀ ਜੀ ਦੇ ਜਨਮ ਤੇ ਚਲਾਣੇ ਸਬੰਧੀ ਕੋਈ ਪ੍ਰਮਾਣਿਕ ਤ੍ਰੀਕਾਂ ਨਹੀਂ ਮਿਲਦੀਆਂ, ਫਿਰ ਵੀ ਉਹਨਾਂ ਦੇ ਉੱਚੇ ਗੁਰਸਿੱਖੀ ਜੀਵਨ ਦੀਆਂ ਕੁਝ ਕੁ ਘਟਨਾਵਾਂ ਮਿਲਦੀਆਂ ਹਨ। ਇਤਿਹਾਸਕਾਰਾਂ ਦਾ ਵਿਸ਼ਵਾਸ ਹੈ ਕਿ ਬੀਬੀ ਜੀ ਦਾ ਜਨਮ ਲਗਭਗ ਸੰਨ 1536 (ਕਈਆਂ ਨੇ 1534 ਸੰਨ ਵੀ ਲਿਖਿਆ ਹੈ ਜੋ ਠੀਕ ਨਹੀਂ ਜਾਪਦਾ) ਤੇ ਚਲਾਣਾ ਸੰਨ 1598 ਈ: ਵਿਚ ਹੋਇਆ। ਬੀਬੀ ਭਾਨੀ ਜੀ ਤੀਜੇ ਸਤਿਗੁਰੂ ਅਮਰਦਾਸ ਜੀ ਦੀ ਬੱਚੀ ਸੀ ਅਤੇ ਮੈਕਾਲਿਫ ਅਨੁਸਾਰ ਕਰੀਬ 16 ਸਾਲ ਦੀ ਆਯੂ ਵਿਚ ਉਹਨਾਂ ਦਾ ਵਿਆਹ ਭਾਈ ਜੇਠਾ ਜੀ (ਗੁਰੂ ਰਾਮਦਾਸ ਸਾਹਿਬ) ਨਾਲ ਹੋਇਆ।

ਇਸ ਲੇਖ ਦਾ ਅਧਾਰ ਪ੍ਰੋ: ਸਾਹਿਬ ਸਿੰਘ ਜੀ ਦੇ ਲੇਖ—'ਘਰ ਵਿਚ ਹੀ ਗੁਰਿਆਈ' ਪੁਸਤਕ (ਸਰਬੱਤ ਦਾ ਭਲਾ)— ਨੂੰ ਬਣਾਇਆ ਗਿਆ ਹੈ। ਉਹ ਲਿਖਦੇ ਹਨ :—

ਗੁਰੂ ਅਮਰਦਾਸ ਜੀ ਦਾ ਜੀਵਨ-ਬ੍ਰਿਤਾਂਤ ਲਿਖਦਿਆਂ ਗਿਆਨੀ ਗਿਆਨ ਸਿੰਘ ਜੀ



ਨੇ 'ਤਵਾਰੀਖ ਗੁਰੂ ਖਾਲਸਾ' ਵਿਚ 'ਬੀਬੀ ਭਾਨੀ ਜੀ ਦੀ ਸੇਵਾ' ਸਿਰਲੇਖ ਹੇਠ ਇਉਂ ਲਿਖਿਆ ਹੈ :

"ਜਦ ਸੰਮਤ 1603 ਬਿਕਰਮੀ ਨੂੰ ਗੋਇੰਦਵਾਲ ਵੱਸਿਆ ਤੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਗੁਰੂ ਅਮਰਦਾਸ ਜੀ ਨੇ ਆਪਣੇ ਕੁਟੰਬ ਨੂੰ ਉਥੇ ਜਾ ਵਸਾਇਆ ਤਾਂ ਗੁਰੂ ਰਾਮਦਾਸ ਜੀ ਨੂੰ ਭੀ ਗੋਇੰਦਵਾਲ ਆਪਣੇ ਪਾਸ ਬੁਲਾ ਲਿਆ। ਗੁਰੂ ਰਾਮਦਾਸ ਜੀ ਤੇ ਬੀਬੀ ਭਾਨੀ ਨੇ ਗੁਰੂ ਅਮਰਦਾਸ ਜੀ ਨੂੰ ਸਾਖਯਾਤ ਈਸ੍ਵਰ ਰੂਪ ਸਮਝ ਕੇ ਅਜਿਹੀ ਸੇਵਾ ਫੜੀ ਜੋ ਦੂਸਰਾ ਕੋਈ ਇਹਨਾਂ ਜਿਹਾ ਨਾ ਹੋ ਸਕਿਆ। ਬੀਬੀ ਜੀ ਹਮੇਸ਼ਾਂ ਡੇਢ ਪਹਿਰ ਰਾਤ ਰਹਿੰਦੀ ਤੋਂ ਜਾਗ ਕੇ ਸਰਦੀਆਂ ਦੀ ਰੁਤੇ ਜਲ ਗਰਮ ਕਰਕੇ ਇਸ਼ਨਾਨ ਕਰਾਉਂਦੀ ਤੇ ਅੰਗੀਠੀ ਆਦਿਕ ਦੀ ਸੇਵਾ ਕਰਦੀ।.

ਇਕ ਦਿਨ ਇਸ਼ਨਾਨ ਦੇ ਸਮੇਂ ਚੌਂਕੀ ਦਾ ਪਾਵਾ ਟੁਟ ਗਿਆ ਤਾਂ ਬੀਬੀ ਜੀ ਨੇ ਆਪਣਾ ਪੈਰ ਉਸ ਵੇਲੇ (ਗੁਰੂ ਜੀ ਤੋਂ ਬੇ-ਮਲੂਮ) ਪਾਵੇ ਦੇ ਥਾਂ ਰੱਖ ਦਿੱਤਾ। ਇਸ ਤਰ੍ਹਾਂ ਉਥੋਂ ਇਕ ਮੇਖ ਭੀ ਪੈਰ ਵਿਚ ਐਸੀ ਗੱਡੀ ਗਈ ਕਿ ਲਹੂ ਚੱਲ ਪਿਆ, ਪਰੰਤੂ ਪੈਰ ਨਾ ਹਟਾਇਆ। ਜਦ ਗੁਰੂ ਜੀ ਇਸ਼ਨਾਨ ਕਰਕੇ ਉਤਰੇ ਤਾਂ ਲਾਲ ਰੰਗ ਦਾ ਪਾਣੀ ਵਗਦਾ ਵੇਖ ਕੇ ਜਾਂ ਨਿਰਨੇ ਕੀਤਾ ਤਦ ਬੀਬੀ ਜੀ ਦੇ ਪੈਰ ਵਿਚੋਂ ਕਿੱਲ ਕੱਢਿਆ। ਇਹ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ—ਬੀਬੀ! ਤੇਰੀ ਸੇਵਾ ਥਾਇ ਪਈ ਹੈ, ਕੁਝ ਮੰਗ। ਤਾਂ ਬੀਬੀ ਜੀ ਨੇ ਹੱਥ ਜੋੜ ਕੇ ਆਖਿਆ 'ਜੇ ਤੁਠੇ ਹੋ ਤਾਂ ਮੇਰੇ ਪਤੀ ਨੂੰ ਐਸੀ ਗੁਰਿਆਈ ਬਖਸ਼ੋ, ਜੋ ਫੇਰ ਮੇਰੀ ਕੁਲ ਵਿਚ ਹੀ ਰਹੇ।' ਗੁਰੂ ਅਮਰਦਾਸ ਜੀ ਥੋੜ੍ਹਾ ਚਿਰ ਚੁਪ ਕਰਕੇ ਬੋਲੇ—'ਬੀਬੀ! ਇਹ ਮੇਵਾ ਸੇਵਾ ਦਾ ਹੈ ਤੇ ਸੋਭਦਾ ਭੀ ਸੇਵਕ ਨੂੰ ਹੀ ਹੈ, ਦਾਵੇਦਾਰ ਨੂੰ ਨਹੀਂ ਸੋਭਦਾ। ਇਹ ਕਿਸੇ ਦੀ ਦਾਦੇਹਾਲੀ ਨਹੀਂ। ਜੇ ਮਲਕੀਅਤ ਸਮਝੀ ਜਾਊ ਤਾਂ ਰਹੂ ਨਹੀਂ, ਤੇ ਨਾ ਹੀ ਸੁਖ ਦੇਊ। ਝਗੜੇ ਕਲੇਸ਼ ਕਰਨੇ ਪੈਣਗੇ। ਭਾਵੇਂ ਗੁਰੂ ਜੀ ਦੀ ਮਰਜ਼ੀ ਮੌਰੂਸੀ ਵਿਰਸਾ ਕਰਨ ਦੀ ਨਹੀਂ ਸੀ, ਪਰ ਬੀਬੀ ਭਾਨੀ ਜੀ ਨੇ ਤ੍ਰਿਆ-ਹਠ ਨਾ ਛੱਡਿਆ, ਜਿਸ ਦਾ ਫਲ ਦਸਵੇਂ ਗੁਰੂ ਜੀ ਤਕ ਜੋ ਛੇ ਗੁਰੂ ਹੋਏ, ਉਹ ਕਲੇਸ਼ਾਂ ਵਿਚ ਹੀ ਉਮਰ ਕੱਟਦੇ ਰਹੇ ਤੇ ਅੰਤ ਨੂੰ ਸੋਢੀਆ ਦੇ ਘਰ ਗੁਰਿਆਈ ਭੀ ਨਾ ਰਹੀ। ਜਿਸ ਤਰ੍ਹਾਂ ਇਸ ਪੰਥ ਦੇ ਕਾਇਦੇ ਹੋਰਨਾਂ ਮਜ਼ਬਾਂ ਤੋਂ ਚੰਗੇ ਹਨ, ਉਸੇ ਤਰ੍ਹਾਂ ਜੇ ਇਕ ਮਾਲਕ ਭੀ ਬਣਿਆ ਰਹਿੰਦਾ ਤਾਂ ਭਰੋਸਾ ਪੱਕਾ ਸੀ ਕਿ ਸਾਰੇ ਹਿੰਦੁਸਤਾਨ ਬਲਕਿ ਸਾਰੇ ਮੁਲਕ ਵਿਚ ਇਹੋ ਮਜ਼ਬ ਫੈਲ ਜਾਂਦਾ, ਪਰ ਇਕ ਦੇ ਨਾ ਹੋਣ ਕਰਕੇ ਘਰ ਘਰ ਗੁਰੂ ਬਣ ਬੈਠੇ।'

'ਗੁਰੂ ਅਮਰਦਾਸ ਜੀ ਤਾਂ ਪਹਿਲੇ ਹੀ ਗੁਰੂ ਰਾਮਦਾਸ ਜੀ ਨੂੰ ਸੱਚਾ ਸਿਦਕੀ ਸੇਵਕ ਗੁਰਿਆਈ ਦੇ ਲਾਇਕ ਸਮਝੀ ਬੈਠੇ ਸਨ, ਫੇਰ ਤਾਂ ਬੀਬੀ ਜੀ ਨੂੰ ਬਚਨ ਦੇਣ ਕਰਕੇ ਜ਼ਰੂਰੀ ਗੱਦੀ ਦੇਣੀ ਤੇ ਕ੍ਰਿਪਾ-ਦ੍ਰਿਸ਼ਟੀ ਰੱਖਣੀ ਪਈ। ਗੁਰੂ ਰਾਮਦਾਸ ਜੀ ਨੇ ਭੀ ਸਹੁਰੇ ਜਵਾਈ ਵਾਲਾ ਸਨਬੰਧ ਛਡਕੇ ਤਨੋਂ ਮਨੋਂ ਗੁਰੂ ਸਾਹਿਬ ਨੂੰ ਪਰਮੇਸ਼ਰ ਸਮਝ ਕੇ, ਵੀਹ ਵਰ੍ਹੇ ਅਜਿਹੀ ਸੇਵਾ ਕੀਤੀ ਜੋ ਬਾਉਲੀ ਦੇ ਬਣਾਉਣ ਸਮੇਂ ਛੀ ਵਰ੍ਹੇ ਮੁੰਢਾਸਾ ਸਿਰ ਉਤੋਂ ਨਹੀਂ ਲਾਹਿਆ

ਸੀ । ਭਾਵੇਂ ਗੁਰੂ ਅਮਰਦਾਸ ਜੀ ਦਾ ਦੂਜਾ ਜਵਾਈ ਰਾਮਾ ਭੀ ਸੇਵਾ ਬਹੁਤ ਕਰਦਾ ਰਿਹਾ, ਪਰ ਥੜ੍ਹਾ ਬਣਾਉਣ ਵੇਲੇ ਇਹੋ ਗੁਰੂ ਰਾਮਦਾਸ ਜੀ, ਜਿਨ੍ਹਾਂ ਦਾ ਪਹਿਲਾ ਨਾਮ ਜੇਠਾ ਸੀ, ਸਾਬਤ ਰਹੇ । ਇਸੇ ਪਰ ਖੁਸ਼ੀ ਹੋ ਕੇ ਗੁਰਿਆਈ ਦੀ ਗੱਦੀ ਏਨ੍ਹਾਂ ਨੂੰ ਮਿਲੀ ।"

ਇਹਨਾਂ ਲਫਜ਼ਾਂ ਵਿਚ ਦਿਤੀ ਸਾਖੀ ਨੂੰ ਹੋਰ ਗਹੁ ਨਾਲ ਵਿਚਾਰਨ ਦੀ ਲੋੜ ਹੈ । ਕੀ ਚੌਂਕੀ ਦਾ ਪਾਵਾ ਬੈਠਣ ਲਗਿਆਂ ਟੁਟਾ ਸੀ, ਜਾਂ ਜਦੋਂ ਬੈਠ ਕੇ ਇਸ਼ਨਾਨ ਕਰ ਰਹੇ ਸਨ ? ਸਾਧਾਰਨ ਤੌਰ ਤੇ ਤਾਂ ਪਾਵਾ ਤਦੋਂ ਹੀ ਟੁਟਣਾ, ਚਾਹੀਦਾ ਸੀ ਜਦੋਂ ਚੌਂਕੀ ਤੇ ਬੈਠਣ ਲਗੇ ਸਨ । ਜਦੋਂ ਇਕ ਵਾਰੀ ਬੈਠ ਗਏ, ਸਭਨਾਂ ਪਾਵਿਆਂ ਉੱਤੇ ਭਾਰ ਸਾਵਾਂ ਹੋ ਗਿਆ, ਤਦੋਂ ਕਿਸੇ ਇਕ ਪਾਵੇ ਦੇ ਟੁਟਣ ਦੀ ਸੰਭਾਵਨਾ ਘਟ ਗਈ । ਫਿਰ, ਇਹ ਇਕ ਬੜੀ ਹੀ ਅਚਰਜ ਗੱਲ ਹੈ ਕਿ ਪਾਵੇ ਦੇ ਟੁਟਣ ਦੀ ਖਬਰ ਚੌਂਕੀ ਉਤੇ ਬੈਠੇ ਹੋਏ ਗੁਰੂ ਅਮਰਦਾਸ ਜੀ ਨੂੰ ਨਾ ਹੋ ਸਕੀ ਤੇ ਕੋਲ ਖਲੋਤੀ ਬੀਬੀ ਭਾਨੀ ਜੀ ਨੂੰ ਹੋ ਗਈ । ਸਗੋਂ ਗੱਲ ਇਸ ਦੇ ਉਲਟ ਹੋਣੀ ਚਾਹੀਦੀ ਸੀ । ਪਾਵੇ ਦਾ ਕੜੱਕ ਦਾ ਖੜਾਕ ਉਸ ਜਿਸਮ ਨੂੰ ਤੁਰੰਤ ਮਹਿਸੂਸ ਹੋ ਜਾਣਾ ਚਾਹੀਦਾ ਸੀ, ਜੋ ਚੌਂਕੀ ਨਾਲ ਛੋਹ ਰਿਹਾ ਸੀ । ਫਿਰ, ਕੀ ਚੌਂਕੀ ਦੇ ਪਾਵੇ ਪਹਿਲਾਂ ਹੀ ਢਿੱਲੇ ਸਨ ਤੇ ਟੁਟਣ ਵਾਲੇ ਸਨ ? ਪਾਵੇ ਪਹਿਲਾਂ ਹੀ ਢਿੱਲੇ ਹੋਣਾ ਦੀ ਹਾਲਤ ਵਿਚ ਸਤਿਗੁਰੂ ਜੀ ਅਤੇ ਬੀਬੀ ਜੀ ਦੋਹਾਂ ਨੂੰ ਹੀ ਇਹ ਧਿਆਨ ਰਹਿਣਾ ਕੁਦਰਤੀ ਗੱਲ ਸੀ ਕਿਤੇ ਕੋਈ ਪਾਵਾ ਟੁਟ ਨਾ ਜਾਏ । ਜੋ ਬੀਬੀ ਜੀ ਸੇਵਾ ਇਤਨੇ ਧਿਆਨ ਤੇ ਕੁਰਬਾਨੀ ਨਾਲ ਕਰਨ ਨੂੰ ਤਤਪਰ ਰਹਿੰਦੇ ਸੀ, ਉਹ ਟੁਟਣ ਵਾਲੀ ਚੌਂਕੀ ਸਤਿਗੁਰੂ ਜੀ ਵਾਸਤੇ ਡਾਹੁਣ ਦੀ ਗਲਤੀ ਕਦੇ ਭੀ ਨਾ ਕਰਦੇ ।

ਜੇ ਇਸ਼ਨਾਨ ਵਾਲੀ ਉਸ ਸਾਖੀ ਨੂੰ ਵਿਚਾਰਦੇ ਜਾਈਏ ਤਾਂ ਰਾਹ ਵਿਚ ਕਈ ਅੜਿੱਕੇ ਪੈਂਦੇ ਜਾਪਦੇ ਹਨ । ਪਰ ਇਹ ਅੜਿੱਕੇ ਹੱਲ ਨਾ ਹੁੰਦਿਆਂ ਭੀ ਹਾਲਾਂ ਅਸੀਂ ਉਸ ਸਾਖੀ ਨੂੰ ਉਸੇ ਤਰ੍ਹਾਂ ਠੀਕ ਮੰਨ ਲੈਂਦੇ ਹਾਂ ਜਿਵੇਂ ਗਿਆਨੀ ਗਿਆਨ ਸਿੰਘ ਜੀ ਨੇ ਲਿਖੀ ਹੈ । ਹੁਣ ਇਸ ਤੋਂ ਅਗੇ ਚਲੀਏ ।

ਜੇ ਗਿਆਨੀ ਗਿਆਨ ਸਿੰਘ ਅਨੁਸਾਰ, ਵਰ ਮੰਗਣ ਅਤੇ ਵਰ ਦੇਣ ਦੀ ਘਟਨਾ ਉੱਤੇ ਵਿਚਾਰ ਕਰੀਏ ਇਹ ਗੱਲ ਸਪੱਸ਼ਟ ਹੈ ਕਿ ਸਤਿਗੁਰੂ ਜੀ ਨੂੰ ਬੀਬੀ ਭਾਨੀ ਜੀ ਦੀ ਵਰ ਦੀ ਮੰਗ ਪਸੰਦ ਨਹੀਂ ਆਈ ਸੀ, ਕਿਉਂਕਿ ਇਹ ਮੰਗ ਗੁਰੂ-ਘਰ ਦੀ ਮਰਯਾਦਾ ਦੇ ਉਲਟ ਸੀ । ਕਿਆ ਅਜਬ ਹਾਸੋ-ਹੀਣੀ ਸ਼ਰਧਾ ਹੈ ਕਿ ਇਕ ਸਿੱਖ ਹੀ ਆਪਣੇ ਸਤਿਗੁਰੂ ਗੁਰੂ ਅਮਰਦਾਸ ਜੀ ਬਾਬਤ ਲਿਖੇ ਕਿ ਉਹਨਾਂ ਨੇ ਬੀਬੀ ਭਾਨੀ ਨੂੰ ਵਰ ਦੇ ਹੀ ਦਿੱਤਾ ਭਾਵੇਂ ਉਹ ਮੰਗ ਗੁਰੂ-ਘਰ ਦੀ ਮਰਯਾਦਾ ਦੇ ਵਿਰੁਧ ਸੀ । ਫਿਰ, ਹੋਰ ਵੇਖੋ ! ਇਸ ਉਲਟ-ਪੁਲਟ ਜਿਹੀ ਸਾਖੀ ਨੂੰ ਸਿਰੇ ਚਾੜ੍ਹਨ ਲਈ ਗਿਆਨੀ ਜੀ ਬੀਬੀ ਭਾਨੀ ਜੀ ਵਾਸਤੇ ਕੀ ਲਫਜ਼ ਵਰਤਣ ਤੇ ਮਜਬੂਰ ਹੋ ਗਏ ਹਨ ? ਲਿਖਦੇ ਹਨ—'ਬੀਬੀ ਭਾਨੀ ਨੇ ਤ੍ਰਿਆ ਹੱਠ ਨਾ ਛੱਡਿਆ ।' ਕੀ ਇਹ ਲਫਜ਼ ਸਖਤ ਨਿਰਾਦਰੀ-ਭਰੇ ਨਹੀਂ ਹਨ ? ਦੂਜੇ ਪਾਸੇ, ਕੀ ਸਿੱਖ ਸੇਵਕ ਦਾ ਰਵੱਈਆ ਇਹੀ ਹੋਣਾ ਚਾਹੀਦਾ ਹੈ ਕਿ ਆਪਣੇ ਸਤਿਗੁਰੂ ਨੂੰ ਉਹ ਕੰਮ ਕਰਨ ਤੇ ਮਜਬੂਰ ਕਰੇ, ਜੋ ਗੁਰੂ ਘਰ ਦੀ ਮਰਯਾਦਾ ਦੇ ਉਲਟ ਹੋਵੇ ? ਕੀ ਗੁਰੂ ਨੂੰ ਉਸ ਦੀ ਇਤਨੀ ਭਾਰੀ ਜ਼ਿੰਮੇਵਾਰੀ ਦੇ ਉਲਟ ਤੁਰਨ ਲਈ ਮਜਬੂਰ ਕੀਤਾ ਭੀ ਜਾ ਸਕਦਾ ਹੈ ? ਜੇ ਗੁਰਿਆਈ ਨੂੰ ਮੌਰੂਸੀ ਵਿਰਸਾ ਬਣਾਉਣਾ ਗੁਰੂ ਨੂੰ ਚੰਗਾ ਨਹੀਂ ਸੀ ਲਗਦਾ, ਤਾਂ ਕੀ ਅਸੀਂ ਇਹ ਆਖ ਕੇ ਆਪਣੇ ਦੀਨ ਦੁਨੀਆਂ ਦੇ ਵਾਲੀ ਗੁਰੂ ਦੀ ਨਿਰਾਦਰੀ ਨਹੀਂ ਕਰ ਰਹੇ ਕਿ ਉਹਨਾਂ ਨੇ ਆਪਣੀ ਜ਼ਮੀਰ ਦੇ ਉਲਟ ਕੰਮ ਕੀਤਾ ?

ਰਤਾ ਉਸ 'ਵਰ' ਨੂੰ ਭੀ ਚੰਗੀ ਤਰ੍ਹਾਂ ਪੜ੍ਹਕੇ ਵਿਚਾਰੋ ਕੀ ਇਹ ਵਰ ਹੈ ਜਾਂ ਸਰਾਪ ? ਬੀਬੀ ਭਾਨੀ ਜੀ ਨੇ ਆਪਣੀ ਹੀ ਕੁਲ ਵਿਚ ਟਿਕੀ ਰਹਿਣ ਵਾਲੀ ਗੁਰਿਆਈ ਮੰਗੀ ਪਰ ਸਤਿਗੁਰੂ ਨੇ ਨਾਲ ਹੀ ਇਹ ਭੀ ਕਹਿ ਦਿਤਾ ਕਿ ਝਗੜੇ ਕਲੇਸ਼ ਕਰਨੇ ਪੈਣਗੇ । ਗਿਆਨੀ ਜੀ ਦੇ ਖਿਆਲ ਅਨੁਸਾਰ ਸਤਿਗੁਰੂ ਜੀ ਦੇ ਕਿਸੇ ਬਚਨ ਕਰਕੇ 'ਦਸਮ ਗੁਰੂ ਜੀ ਤਕ ਜੋ ਛੇ ਗੁਰੂ ਹੋਏ, ਉਹ ਕਲੇਸ਼ਾਂ ਵਿਚ ਹੀ ਉਮਰ ਕਟਦੇ ਰਹੇ ਤੇ ਅੰਤ ਨੂੰ ਸੋਢੀਆਂ ਦੇ ਘਰ ਗੁਰਿਆਈ ਭੀ ਨਾ ਰਹੀ । ਬੀਬੀ ਜੀ ਦੇ ਵਰ ਮੰਗਣ ਦਾ ਕਿਤਨਾ ਭਿਆਨਕ ਸਿੱਟਾ ਨਿਕਲਿਆ । ਕੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਇਸੇ ਬਚਨ ਕਰਕੇ ਹੋਈ ਸੀ ? ਕੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਭੀ ਗੁਰੂ ਅਮਰਦਾਸ ਜੀ ਦੇ ਵਾਕ ਅਨੁਸਾਰ ਹੀ ਸ਼ਹੀਦ ਹੋਣਾ ਪਿਆ ? ਗੁਰੂ ਗੋਬਿੰਦ ਸਿੰਘ ਜੀ ਉਤੇ ਮਸੀਬਤਾਂ ਦਾ ਪਹਾੜ ਆ ਪੈਣਾ, ਚਾਰੇ ਸਹਿਬਜ਼ਾਦੇ ਸ਼ਹੀਦ ਹੋ ਜਾਣੇ, ਉਹਨਾਂ ਦੀ ਆਪਣੀ ਕੁਲ ਹੀ ਮੁਕ ਜਾਣੀ—ਕੀ ਇਹ ਸਭ ਕੁਝ ਉਸੇ ਬਚਨ ਦਾ ਹੀ ਫਲ ਸੀ ? ਤਾਂ ਫਿਰ ਇਹ 'ਵਰ' ਕਿਸ ਤਰ੍ਹਾਂ ਹੋਇਆ ? ਜੇ ਇਹ 'ਵਰ' ਹੈ, ਤਾਂ ਸਰਾਪ ਕਿਸ ਨੂੰ ਆਖੋਗੇ ? ਪਰ ਇੱਥੇ ਇਕ ਹੋਰ ਔਕੜ ਆ ਪਈ । ਜੇ ਇਹ ਸਾਰੀਆ ਮੁਸੀਬਤਾਂ ਕਲੇਸ਼ ਗੁਰੂ ਅਮਰਦਾਸ ਜੀ ਦੇ ਬਚਨ ਅਨੁਸਾਰ ਵਾਪਰੇ ਤਾਂ ਗੁਰੂ ਅਰਜਨ ਸਾਹਿਬ, ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਨੂੰ 'ਸ਼ਹੀਦ' ਕਿਵੇਂ ਆਖ ਸਕਦੇ ਹਾਂ ?

ਸਿੱਖ-ਇਤਿਹਾਸ ਕਾਹਦਾ ਹੋਇਆ ਹਿੰਦੂਆਂ ਦੇ ਦੇਵਤਿਆਂ ਵਾਂਗ ਵਰ-ਸਰਾਪਾਂ ਦੀ ਕਹਾਣੀ ਬਣ ਗਿਆ । ਦੋਵੇਂ ਘਰ ਪੂਰੇ ਨਹੀਂ ਕੀਤੇ ਜਾ ਸਕਦੇ । ਜਾਂ ਸਰਾਪ ਦਾ ਨਤੀਜਾ ਆਖੋ, ਜਾਂ ਉਹਨਾਂ ਨੂੰ ਸ਼ਹੀਦ' ਆਖੋ । ਕੀ ਜੇ ਬੀਬੀ ਭਾਨੀ ਜੀ 'ਵਰ' ਨਾ ਮੰਗਦੇ ਤਾਂ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਸਹਾਰ ਕੇ ਸ਼ਹੀਦ ਨਾ ਹੋਣਾ ਪੈਂਦਾ ? ਕਿਤਨਾ ਭਿਆਨਕ ਤੇ ਡਰਾਉਣਾ 'ਵਰ' ਸੀ ।

ਗਿਆਨੀ ਗਿਆਨ ਸਿੰਘ ਜੀ ਤਾਂ ਇਸ 'ਵਰ' ਦਾ ਇਕ ਹੋਰ ਭਿਆਨਕ ਨਤੀਜਾ ਭੀ ਲਿਖ ਗਏ ਹਨ, ਲਿਖਦੇ ਹਨ—'ਜਿਸ ਤਰ੍ਹਾਂ ਇਸ ਮਜ਼੍ਹਬ ਦੇ ਕਾਇਦੇ ਹੋਰਨਾਂ ਮਜ਼੍ਹਬਾਂ ਤੋਂ ਚੰਗੇ ਹਨ, ਉਸੇ ਤਰ੍ਹਾਂ ਜੇ ਇਕ ਮਾਲਕ ਭੀ ਬਣਿਆ ਰਹਿੰਦਾ ਤਾਂ ਭਰੋਸਾ ਪੱਕਾ ਸੀ ਕਿ ਸਾਰੇ ਹਿੰਦੁਸਤਾਨ ਬਲਕਿ ਸਾਰੇ ਮੁਲਕ ਵਿਚ ਇਹੋ ਮਜ਼੍ਹਬ ਫੈਲ ਜਾਂਦਾ' । ਕੀ ਅਜੇ ਭੀ ਇਸ ਨੂੰ 'ਵਰ' ਹੀ ਕਹੀ ਜਾਵਾਂਗੇ ? ਪਰ ਸਾਡੇ ਦੀਨ-ਦੁਨੀ ਦੇ ਪਾਤਿਸਾਹ ਨੇ ਸਾਨੂੰ ਇਤਨੀ ਕਰੜੀ ਸਜ਼ਾ ਕਿਉਂ ਦੇ ਦਿੱਤੀ ? ਇਕ ਬੀਬੀ ਭਾਨੀ ਜੀ ਦੇ 'ਤ੍ਰਿਆ-ਹਠ' ਦੀ ਸਜ਼ਾ ਸਾਰੀ

ਸਿੱਖ ਕੌਮ ਕਿਉਂ ਭੁਗਤ ਰਹੀ ਹੈ ? ਸਿੱਖ ਕੌਮ ਦਾ ਤ ਉਹੀ ਹਾਲ ਹੋਇਆ ਸਮਝੋ ਜੋ ਹਜ਼ਰਤ ਆਦਮ ਤੇ ਹਵਾ ਦੇ ਵਰਜਿਤ ਫਲ ਖਾਣ ਤੇ ਸਾਰੀ ਮਨੁਖ-ਜਾਤੀ ਦਾ ਹੋ ਰਿਹਾ ਹੈ। ਉਹ ਆਪ ਭੀ ਬਹਿਸ਼ਤੋਂ ਕਢੇ ਗਏ ਤੇ ਅਗਾਂਹ ਨੂੰ ਸਦਾ ਲਈ ਬੀਮਾਰੀਆਂ ਤੇ ਜੰਗ ਇਨਸਾਨ ਦੇ ਭਾਗਾਂ ਵਿਚ ਵਿਰਸਾ ਮਿਲ ਗਿਆ। ਗੁਰਿਆਈ ਭੀ ਸੋਢੀਆਂ ਦੇ ਘਰ ਨਾ ਰਹੀ ਤੇ 'ਸਾਰੇ ਮੁਲਕ ਵਿਚ ਇਹ ਮਜ਼ੁਬ' ਫੈਲਣੋਂ ਭੀ ਰਹਿ ਗਿਆ।

ਫਿਰ ਜੇ ਇਹ ਮੰਨ ਵੀ ਲਿਆ ਜਾਵੇ ਕਿ ਗੁਰੂ ਅਮਰਦਾਸ ਜੀ ਨੇ ਗੁਰਿਆਈ ਬੀਬੀ ਭਾਨੀ ਜੀ ਦੇ ਪਤੀ (ਗੁਰੂ) ਰਾਮਦਾਸ ਜੀ ਨੂੰ ਦੇਣੀ ਮੰਨ ਲਈ ਸੀ, ਤਾਂ ਇਹ ਬਚਨ ਹਰ ਹਾਲਤ ਵਿਚ ਪਾਲਣਾ ਬਣਦਾ ਸੀ, ਫਿਰ ਬੜ੍ਹੇ ਬਣਵਾ ਕੇ ਚੋਣ ਕਰਨ ਦੀ ਕੀ ਲੋੜ ਸੀ ?

**ਨਿਰਣਾ** : ਮੁਕਦੀ ਗੱਲ, ਜਿਸ ਭੀ ਪਾਸੇ ਵਲੋਂ ਇਸ ਸਾਖੀ ਨੂੰ ਵਿਚਾਰੀਏ, ਰਾਹ ਵਿਚ ਔਕੜਾਂ ਹੀ ਔਕੜਾਂ ਪੈਂਦੀਆਂ ਹਨ। **ਬੱਸ, ਇਤਨੀ ਗੱਲ ਹੀ ਮੰਨਣ ਜੋਗ ਹੈ ਕਿ ਬੀਬੀ ਭਾਨੀ ਜੀ ਆਪਣੇ ਪਿਤਾ ਗੁਰੂ ਅਮਰਦਾਸ ਜੀ ਦੀ ਬਹੁਤ ਸੇਵਾ ਕਰਿਆ ਕਰਦੇ ਸਨ। ਉਹਨਾਂ ਦੇ ਪਤੀ (ਗੁਰੂ) ਰਾਮਦਾਸ ਜੀ ਨੇ ਤਾਂ ਇਤਨੀ ਘਾਲ ਘਾਲੀ ਕਿ ਆਪਾ ਵਾਰ ਕੇ ਆਪਣੇ ਆਪੇ ਨੂੰ ਸਤਿਗੁਰੂ ਦੇ ਚਰਨਾਂ ਵਿਚ ਲੀਨ ਕਰ ਲਿਆ। ਆਪਾ ਵਾਰਨ ਦੀ ਇਤਨੀ ਮੁਕੰਮਲ ਖੇਡ ਖਡੀ ਕਿ ਗੁਰੂ ਅਮਰਦਾਸ ਜੀ ਤੇ ਉਹਨਾਂ ਵਿਚ ਰਤਾ ਭਰ ਭੀ ਵਿੱਥ ਨ ਰਹਿ ਗਈ।** ਜਿਵੇਂ ਬਾਬਾ ਲਹਿਣਾ ਜੀ ਨੇ ਘਾਲ ਘਾਲੀ, ਜਿਵੇਂ (ਗੁਰੂ) ਅਮਰਦਾਸ ਜੀ ਨੇ ਆਪਾ ਵਾਰਿਆ ਤੇ 'ਗੁਰੂ' ਨਾਲ ਇਕ-ਮਿੱਕ ਹੋ ਗਏ, ਤਿਵੇਂ ਭਾਈ ਜੇਠਾ ਜੀ ਨੇ ਕਰ ਵਿਖਾਈ। ਇਸ ਮਾਮਲੇ ਵਿਚ ਕੋਈ ਲਿਹਾਜ਼ ਨਹੀਂ ਹੋਇਆ, ਕੋਈ ਸਿਫਾਰਸ਼ ਨਹੀਂ ਚੱਲੀ, ਕਿਸੇ 'ਵਰ' ਨੇ ਕੰਮ ਨਹੀਂ ਕੀਤਾ। ਨਾ ਹੀ ਗੁਰੂ ਅਮਰਦਾਸ ਜੀ ਨੇ ਕੋਈ 'ਵਰ' ਹੀ ਦਿਤਾ ਸੀ। ਗੁਰੂ-ਘਰ ਤੇ ਆਏ ਕਸ਼ਟਾਂ ਵਿਚ ਭੀ ਗੁਰੂ ਅਮਰਦਾਸ ਜੀ ਦਾ ਕੋਈ ਹੱਥ ਨਹੀਂ ਸੀ। ਕਸ਼ਟ ਹਰੇਕ ਰਹਿਬਰ ਉੱਤੇ ਆਉਂਦੇ ਰਹੇ। ਇਥੇ ਭੀ ਜਿਉਂ ਜਿਉਂ ਇਹ ਮਤ ਹਰ-ਮਨ ਪਿਆਰਾ ਬਣਦਾ ਗਿਆ, ਤਿਉਂ ਤਿਉਂ ਸੁਆਰਥੀਆਂ ਵਲੋਂ ਵਿਰੋਧਤਾ ਖੜੀ ਹੁੰਦੀ ਗਈ। ਸੱਚ ਦੀ ਘਾਟੀ ਉੱਤੇ ਅੱਪੜਨ ਲਈ ਕੰਡਿਆਂ ਵਿਚੋਂ ਦੀ ਲੰਘ ਕੇ ਹੀ ਜਾਣਾ ਪੈਂਦਾ ਹੈ।

**ਬੀਬੀ ਭਾਨੀ ਜੀ ਦੀ ਸ਼ਾਦੀ ਬਾਰੇ** : ਗਿਆਨੀ ਜੀ ਲਿਖਦੇ ਹਨ—'ਇਕ ਦਿਨ ਗੁਰੂ ਅਮਰਦਾਸ ਜੀ ਆਪਣੀ ਬੇਟੀ ਬੀਬੀ ਭਾਨੀ ਦੀ ਕੁੜਮਾਈ ਕਰਨ ਵਾਸਤੇ ਬ੍ਰਾਹਮਣ ਨੂੰ ਭੇਜਣ ਲਗੇ ਤਾਂ ਬੀਬੀ ਦੀ ਮਾਈ ਗੁਰੂ ਰਾਮਦਾਸ ਜੀ ਨੂੰ ਆਪਣੇ ਘਰ ਦੇ ਸਾਹਮਣੇ ਆਉਂਦਾ ਦੇਖ ਕੇ ਬੋਲੀ, 'ਇਹੋ ਜਿਹਾ ਸੁੰਦਰ ਤੇ ਏਸੇ ਉਮਰ ਦਾ ਲੜਕਾ ਹੋਵੇ'।

'ਗੁਰੂ ਅਮਰਦਾਸ ਜੀ ਨੇ ਇਹ ਗੱਲ ਸੁਣ ਕੇ ਗੁਰੂ ਰਾਮਦਾਸ ਜੀ ਨੂੰ ਬੁਲਾਇਆ ਤੇ ਨਾਮ ਆਦਿਕ ਪੁਛ ਕੇ ਆਖਿਆ—'ਬੱਸ ਏਸ ਜਿਹਾ ਤਾਂ ਏਹੋ ਹੈ, ਹੋਰ ਦੇਖਣ ਦੀ ਕੋਈ ਲੋੜ ਨਹੀਂ। ਚੰਗਾ ਹੋਇਆ ਜੋ ਮਨ-ਇੱਛਤ ਲੜਕਾ ਮਿਲ ਗਿਆ। ਇਹ ਕਹਿ ਕੇ ਉਸੇ ਘੜੀ ਸਤਾਈ ਦਾ ਸ਼ਗਨ ਦੇ ਕੇ 16 ਫਗਣ ਸੰਮਤ 1599 ਨੂੰ ਗੁਰੂ ਰਾਮਦਾਸ ਜੀ ਨਾਲ ਬੀਬੀ ਭਾਨੀ ਜੀ ਦਾ ਵਿਆਹ ਕਰ ਦਿੱਤਾ।

ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਗੁਰੂ ਰਾਮਦਾਸ ਜੀ ਦੀ ਸ਼ਾਦੀ ਬੀਬੀ ਭਾਨੀ ਜੀ ਨਾਲ ਸੰਮਤ 1599 ਵਿਚ ਬਾਸਰਕੇ ਹੋਈ, ਅਜੇ (ਗੁਰੂ) ਅਮਰਦਾਸ ਜੀ ਬਾਸਰਕੇ ਹੀ ਰਹਿੰਦੇ ਸਨ ਤੇ ਅਜੇ ਇਹ ਗੁਰੂ ਨਹੀਂ ਸਨ ਬਣੇ। ਗੁਰੂ ਤਾਂ ਇਹ ਸੰਮਤ 1609 (ਸੰਨ 1552) ਵਿਚ ਬਣੇ ਸਨ। ਜਦੋਂ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕੀਤੀ, ਤਦੋਂ ਜੇਠਾ ਜੀ ਦੀ ਉਮਰ 8 ਸਾਲ ਦੀ ਸੀ।

ਜੇ ਅਸੀਂ ਉਮਰ ਦਾ ਫਰਕ ਦੋ ਸਾਲ ਦਾ ਵੀ ਮਿਥ ਲਈਏ, ਤਾਂ ਬੀਬੀ ਭਾਨੀ ਜੀ ਦੀ ਉਮਰ 6 ਸਾਲ ਦੀ ਹੋਈ। ਕਈ ਇਤਿਹਾਸਕਾਰਾਂ ਨੇ ਰਾਈ ਦਾ ਪਹਾੜ ਬਣਾ ਬਣਾ ਕੇ ਭਾਵੇਂ ਇਹ ਲਿਖਿਆ ਹੋਇਆ ਹੈ ਕਿ ਮੁਗਲ ਰਾਜ ਵਿਚ ਧੱਕੇ ਦੀ ਅੱਤ ਹੋ ਗਈ ਸੀ; ਤੇ ਹਿੰਦੂ ਲੋਕ ਧੀਆਂ ਨੂੰ ਛੋਟੀ ਉਮਰ ਵਿਆਹ ਦੇਂਦੇ ਸਨ, ਪਰ ਫਿਰ ਭੀ ਇਹ ਗੱਲ ਮੰਨਣੀ ਬੜੀ ਔਖੀ ਜਾਪਦੀ ਹੈ ਕਿ ਪੰਜ ਛੇ ਸਾਲ ਦੀ ਲੜਕੀ ਨੂੰ ਉਹ ਮਹਾਂਪੁਰਖ ਭੀ ਵਿਆਹ ਸਕਦੇ ਸਨ, ਜਿਨ੍ਹਾਂ ਨੇ ਇਸਤ੍ਰੀ ਜਾਤੀ ਦੀ ਭਾਈਚਾਰਕ ਹਾਲਤ ਨੂੰ ਉੱਚਾ ਚੁਕਣ ਲਈ ਖਾਸ ਉਦਮ ਕੀਤੇ ਸਨ। ਸਤੀ ਰਸਮ ਵਿਰੁਧ ਗੁਰੂ ਅਮਰਦਾਸ ਜੀ ਨੇ ਹੀ ਜ਼ੋਰਦਾਰ ਆਵਾਜ਼ ਉਠਾਈ ਸੀ, ਵਿਧਵਾ ਵਿਆਹ ਦਾ ਰਿਵਾਜ ਜਾਰੀ ਕੀਤਾ ਸੀ, ਤੇ ਪਰਦੇ ਦੀ ਰਸਮ ਤੋਂ ਵਰਜਿਆ ਸੀ। ਭਾਵੇਂ 'ਤਵਾਰੀਖ' ਅਨੁਸਾਰ (ਗੁਰੂ) ਅਮਰਦਾਸ ਜੀ ਅਜੇ 'ਗੁਰੂ' ਨਹੀਂ ਸਨ ਬਣੇ, ਪਰ ਗਿਆਨੀ ਗਿਆਨ ਸਿੰਘ ਜੀ ਤਾਂ ਮੰਨਦੇ ਹਨ ਕਿ ਉਸ ਵੇਲੇ ਇਹ ਗੁਰੂ ਅੰਗਦ ਸਾਹਿਬ ਦੀ ਸ਼ਰਨ ਆ ਚੁਕੇ ਸਨ, ਕਿਉਂਕਿ ਸੰਨ 1541 ਵਿਚ ਇਹ ਗੁਰੂ ਸਾਹਿਬ ਦੀ ਸ਼ਰਨ ਆਏ ਤੇ ਬੀਬੀ ਭਾਨੀ ਜੀ ਦੀ ਸ਼ਾਦੀ ਸੰਨ 1542 ਵਿਚ ਕੀਤੀ ਗਈ। ਇਸ ਵਿਚ ਸ਼ਕ ਨਹੀਂ ਹੋ ਸਕਦਾ ਕਿ ਦੇਸ਼ ਦੀ ਨਿੱਘਰੀ ਹੋਈ ਹਾਲਤ ਨੂੰ ਸੰਵਾਰਨ ਦੇ ਖਿਆਲ (ਗੁਰੂ) ਅਮਰਦਾਸ ਜੀ ਅੰਦਰ ਪੈਦਾ ਹੋ ਚੁਕੇ ਸਨ ਤੇ ਧੀਆਂ ਨੂੰ ਬਹੁਤ ਹੀ ਛੋਟੀ ਉਮਰੇ ਵਿਆਹੁਣਾ ਭੀ ਇਹਨਾਂ ਨੂੰ ਉਵੇਂ ਹੀ ਨਾ-ਪਸੰਦ ਹੋਵੇਗਾ ਜਿਵੇਂ ਸਤੀ, ਵਿਧਵਾ ਤੇ ਪਰਦਾ।

ਫਿਰ ਗਿਆਨ ਸਿੰਘ ਜੀ ਲਿਖਦੇ ਹਨ ਕਿ ਵਰ ਪਸੰਦ ਕਰਨ ਵੇਲੇ (ਗੁਰੂ) ਅਮਰ-ਦਾਸ ਜੀ ਨੇ ਪਰੋਹਤ ਨੂੰ ਆਖਿਆ—'ਚੰਗਾ ਹੋਇਆ ਜੋ ਮਨ-ਇੱਛਤ ਲੜਕਾ ਮਿਲ ਗਿਆ।'

ਪਹਿਲਾਂ ਤਾਂ ਇਹ ਪਰੋਹਤ ਜਾਂ ਬ੍ਰਾਹਮਣ ਦੀ ਗੱਲ ਕਰਨੀ ਹੀ ਗਲਤ ਹੈ, ਕਿਉਂਕਿ ਇਹਨਾਂ ਤੋਂ ਗੁਰਸਿੱਖਾਂ ਦਾ ਛੁਟਕਾਰਾ ਗੁਰੂ ਨਾਨਕ ਸਾਹਿਬ ਨੇ ਹੀ ਕਰਵਾ ਦਿੱਤਾ ਸੀ। ਫਿਰ ਮਾਪਿਆਂ ਵਾਲਾ ਦਿਲ ਸਾਹਮਣੇ ਰੱਖ ਕੇ ਤੇ ਇਹ ਗੱਲ ਭੀ ਚੇਤੇ ਰਖ ਕੇ, ਕਿ (ਗੁਰੂ) ਅਮਰਦਾਸ ਜੀ ਨੇ ਅਪਣੀ ਪਿਆਰੀ ਬੱਚੀ ਲਈ ਜੀਵਨ ਸਾਥੀ ਲੱਭਣ ਲਈ ਉਸ ਵਿਚ ਕਿਹੜੇ ਕਿਹੜੇ 'ਮਨ-ਇੱਛਤ' ਗੁਣ ਵੇਖੇ, ਜੋ ਸਾਧਾਰਨ ਤੌਰ ਤੇ ਹਰੇਕ ਸਿਆਣਾ ਪਿਤਾ ਵੇਖਣ ਦੀ ਕੋਸ਼ਸ਼ ਕਰਦਾ ਹੈ। ਉਸ ਵਕਤ ਭਾਈ ਜੇਠਾ ਜੀ ਦੀ ਦੁਨਿਆਵੀ ਹਾਲਤ ਇਉਂ ਸੀ—ਮਾਤਾ ਪਿਤਾ ਗੁਜ਼ਰ ਚੁਕੇ ਸਨ। ਕੋਈ ਹੋਰ ਵਡਾ ਭੈਣ ਭਰਾ ਨਹੀਂ ਸੀ, ਜੋ ਸਿਰ ਤੇ

ਹੱਥ ਰਖਦਾ। ਨਾਨੀ ਨੇ ਆਪਣੇ ਪਾਸ ਲੈ ਆਂਦਾ, ਪਰ ਨਾਨੀ ਭੀ ਧਨ ਵਲੋਂ ਸੌਖੀ ਨਹੀਂ ਜਾਪਦੀ, ਕਿਉਂਕਿ ਦੋਹਤਰੇ ਨੂੰ ਘੁੰਗਣੀਆਂ ਵੇਚਣ ਭੇਜਣਾ ਘਰ ਦੀ ਅੱਤ ਦਰਜੇ ਦੀ ਗਰੀਬੀ ਜ਼ਾਹਰ ਕਰਦਾ ਹੈ। ਭਾਈ ਜੇਠਾ ਜੀ ਦੀ ਉਮਰ ਹੀ ਅਜੇ ਸਿਰਫ ਅੱਠ ਸਾਲ ਦੀ ਸੀ, ਜਦੋਂ ਕੋਈ ਗ੍ਰਿਹਸਤੀ ਇਹ ਅੰਦਾਜ਼ਾ ਨਹੀਂ ਲਾ ਸਕਦਾ ਕਿ ਜਿਸ ਬੱਚੇ ਦੇ ਸਿਰ ਤੇ ਮਾਂ ਪਿਉ ਨਹੀਂ ਹਨ ਤੇ ਜਿਥੇ ਪਲ ਰਿਹਾ ਹੈ ਉੱਥੇ ਭੀ ਗਰੀਬੀ ਹੀ ਹੈ ਉਸ ਦਾ ਭਵਿੱਖ ਕਿਹੋ ਜਿਹਾ ਹੋ ਸਕੇਗਾ। ਇਹਨਾਂ ਸਾਰੇ ਹਾਲਾਤਾਂ ਨੂੰ ਸਾਹਮਣੇ ਰੱਖਕੇ ਗ੍ਰਿਹਸਤੀ ਦਾ ਇਹ ਆਖਣਾ ਕਿ ਮਨ-ਇੱਛਤ ਲੜਕਾ ਮਿਲ ਗਿਆ, ਬੜੀ ਅਨਹੋਣੀ ਗੱਲ ਜਾਪਦੀ ਹੈ।

ਸੋ, ਗਿਆਨੀ ਗਿਆਨ ਸਿੰਘ ਦੀ ਇਹ ਸਾਖੀ ਮੰਨਣ ਜੋਗ ਨਹੀਂ ਜਾਪਦੀ ਕਿ (ਗੁਰੂ) ਅਮਰਦਾਸ ਜੀ ਨੇ ਬੀਬੀ ਭਾਨੀ ਜੀ ਦੀ ਸ਼ਾਦੀ ਛੇ ਸਾਲ ਦੀ ਉਮਰੇ ਕਰ ਦਿਤੀ ਹੋਵੇ। ਮੈਕਾਲਿਫ ਨੇ ਭੀ ਇਸ ਵਿਆਹ ਦੀ ਸਾਖੀ ਤਕਰੀਬਨ ਇਸੇ ਤਰ੍ਹਾਂ ਦਿੱਤੀ ਹੈ।

ਪਰ ਮੈਕਾਲਿਫ਼ ਤੇ ਸ਼ਬਦਾਰਥ ਦੇ ਲਿਖਾਰੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਅਪਣੇ ਗੁਰੂ ਹੋਣ ਦੇ ਸਮੇਂ ਹੀ ਬੀਬੀ ਭਾਨੀ ਜੀ ਦੀ ਸ਼ਾਦੀ ਕੀਤੀ ਸੀ। ਇਹ ਸ਼ਾਦੀ ਇਹਨਾਂ ਦੇ ਖਿਆਲ ਅਨੁਸਾਰ ਸੰਨ 1553 (ਸੰਮਤ 1610) ਵਿਚ ਹੋਈ ਸੀ।

**ਇਕ ਹੋਰ ਗਲਤ ਬਿਆਨੀ :**—ਜਦੋਂ ਭਾਈ ਜੇਠਾ ਜੀ ਵਿਆਹ ਦੇ ਸੇਹਰੇ ਬੰਨ੍ਹ ਕੇ ਗੁਰੂ ਅਮਰਦਾਸ ਜੀ ਦੇ ਘਰ ਲੰਘਣ ਲੱਗੇ ਤਾਂ ਗੁਰੂ ਅਮਰਦਾਸ ਜੀ ਨੇ ਆਖਿਆ— 'ਕਾਕਾ! ਇਸ ਘਰ ਦੀ ਰੀਤ ਹੈ, ਜਵਾਈ ਨੂੰ ਪਹਿਲੀ ਮੂੰਹ-ਮੰਗੀ ਚੀਜ਼ ਦੇਣੀ। ਸੋ, ਦੱਸ, ਤੂੰ ਕੀ ਚਾਹੁੰਦਾ ਹੈਂ? ਤਾਂ ਭਾਈ ਜੇਠਾ ਜੀ ਨੇ ਹੇਠ ਲਿਖਿਆ ਸ਼ਬਦ ਉਚਾਰਿਆ :

ਹਰਿ ਕੇ ਜਨ ਸਤਿਗੁਰ ਸਤਿਪੁਰਖਾ,
ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰਿ ਦਇਆ ਨਾਮੁ ਪਰਗਾਸਿ ॥੧॥......
ਜਿਨ ਹਰਿ ਜਨ ਸਤਿਗੁਰ ਸੰਗਤ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧੰਨੁ ਧੰਨੁ ਸਤ ਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ।੪।੧॥ (ਗੂਜਰੀ ਮਹਲਾ ੫)

ਇਹ ਸ਼ਬਦ 'ਰਹਿਰਾਸ' ਦੀ ਬਾਣੀ ਵਿਚ ਭੀ ਦਰਜ ਹੈ। 'ਸ਼ਬਦਾਰਥ' ਵਿਚ ਇਸ ਬਾਰੇ ਇਉਂ ਨੋਟ ਲਿਖਿਆ ਹੈ :—ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਵਿਆਹ ਉਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਉਚਾਰਨ ਕੀਤਾ। ਇਸ ਵਿਚ ਗੁਰੂ ਕੋਲੋਂ ਹਰੀ ਦੀ ਪਰਾਪਤੀ ਤੇ ਸ਼ਰਧਾ ਮੰਗਦੇ ਹਨ।

ਗੁਰਮਤਿ ਫਿਲਾਸਫੀ ਤੇ ਸਿੱਖ-ਇਤਿਹਾਸ ਨੂੰ ਹਾਸੋ-ਹੀਣਾ ਬਣਾਨ ਦੀ ਇਥੇ ਤਾਂ ਹੱਦ ਕਰ ਦਿਤੀ ਗਈ ਹੈ। ਅਜਿਹੀਆਂ ਬੇ-ਥਵ੍ਹੀਆਂ ਗੱਲਾਂ ਅੱਖਾਂ ਮੀਟ ਕੇ ਮੰਨੀਆਂ ਨਹੀਂ ਜਾ



ਸਕਦੀਆਂ। ਮੈਕਾਲਿਫ ਅਨੁਸਾਰ ਹੀ ਸ਼ਾਦੀ ਕਦੋਂ ਹੋਈ? ਸੰਨ 1553 ਵਿਚ। ਭਾਈ ਜੇਠਾ ਜੀ ਦੀ ਉਮਰ ਉਸ ਵੇਲੇ 19 ਸਾਲ ਦੀ ਸੀ। ਇਹ 'ਗੁਰੂ' ਕਦੋਂ ਬਣੇ? ਸੰਨ 1574 ਵਿਚ, ਜਦੋਂ ਇਹਨਾਂ ਦੀ ਉਮਰ 40 ਸਾਲ ਦੀ ਹੋਈ, ਵਿਆਹ ਤੋਂ ਪੂਰੇ 21 ਸਾਲ ਪਿਛੋਂ ਪਰ, 'ਗੁਰੂ' ਬਣਨ ਤੋਂ 21 ਸਾਲ ਪਹਿਲਾਂ ਇਹ ਭਾਈ ਜੇਠਾ ਜੀ ਆਪਣੀ ਕਿਸੇ ਰਚਨਾ ਵਿਚ ਲਫ਼ਜ਼ 'ਨਾਨਕ' ਵਰਤਣ ਦੇ ਹੱਕਦਾਰ ਕਿਸੇ ਭੀ ਹਾਲਤ ਵਿਚ ਨਹੀਂ ਸਨ ਹੋ ਸਕਦੇ। ਇਹ ਸ਼ਬਦ 'ਗੁਰੂ' ਹੁੰਦਿਆਂ ਹੀ ਉਚਾਰਿਆ ਜਾ ਸਕਦਾ ਸੀ ਤੇ ਉਚਾਰਿਆ ਸੀ।'

ਮੌਜੂਦਾ ਦੌਰ ਦੇ ਵਿਦਵਾਨਾਂ ਵਿਚੋਂ ਪ੍ਰਿੰ: ਸਤਿਬੀਰ ਸਿੰਘ (ਹਿਸਟੋਰੀਅਨ) ਨੇ ਬੀਬੀ ਭਾਨੀ ਜੀ ਬਾਰੇ ਬੜੀ ਗਲਤ ਬਿਆਨੀ ਕੀਤੀ ਹੈ, ਭਾਵੇਂ ਉਹਨਾਂ ਨੇ ਬੀਬੀ ਜੀ ਨੂੰ ਇਕ ਮਹਾਨ ਜੀਵਨੀ ਕਰਕੇ ਲਿਖਿਆ ਹੈ। ਉਹਨਾਂ ਦੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ' ਵਿਚ ਬੀਬੀ ਭਾਨੀ ਜੀ ਬਾਰੇ ਇਉਂ ਲਿਖਿਆ ਹੋਇਆ ਹੈ।

'ਇਹ ਬੀਬੀ ਭਾਨੀ ਜੀ ਹੀ ਸਨ ਜਿਨ੍ਹਾਂ ਆਪਣੀ ਨਿਸ਼ਕਾਮ ਸੇਵਾ ਰਾਹੀਂ ਗੁਰੂ ਅਮਰਦਾਸ ਜੀ ਨੂੰ ਰੀਝਾਇਆ ਸੀ। ਇਹ ਵੀ ਭਾਨੀ ਜੀ ਸਨ ਜਿਨ੍ਹਾਂ ਮਿਥਿਹਾਸ ਨੂੰ ਇਤਿਹਾਸ ਬਣਾਕੇ ਦਸਿਆ। ਜੇ ਮਿਥਿਹਾਸਕ ਸਤੀ ਸਵਿਤ੍ਰੀ ਨੇ ਆਪਣੇ ਹੱਠ ਨਾਲ ਆਪਣੇ ਪਤੀ ਨੂੰ ਜਮਾਂ ਦੀ ਫਾਹੀ ਤੋਂ ਬਚਾਇਆ ਸੀ ਤਾਂ ਇਸੇ ਬੀਬੀ ਭਾਨੀ ਨੇ ਭਾਣੇ ਵਿਚ ਟਿਕ ਕੇ ਆਪਣੇ ਸਿਰ ਦੇ ਸਾਈਂ, ਜਗਤ ਦੇ ਰਾਖੇ, ਗੁਰੂ ਰਾਮਦਾਸ ਜੀ ਦੇ ਗੁਰ-ਪਿਤਾ ਕੋਲੋਂ ਵਰ ਲੈਕੇ ਨਾ ਸਿਰਫ ਉਮਰ ਦੇ ਸਾਲ ਹੀ ਵਧਵਾਏ ਸਗੋਂ ਨਿਹਚਲ ਰਾਜ ਜਗਤ ਤੇ ਲਿਆਉਣ ਦਾ ਕਾਰਨ ਬਣੀ। ਸਾਖੀ ਆਉਂਦੀ ਹੈ ਕਿ ਇਕ ਦਿਨ ਨਨਾਣ ਭਰਜਾਈ, ਬੀਬੀ ਭਾਨੀ ਤੇ ਬੀਬੀ ਆਤਮਾ ਦੇਵੀ, (ਮੋਹਰੀ ਚੰਦ ਜੀ ਦੇ ਘਰੋਂ) ਬੈਠੇ ਹੋਏ ਸਨ ਕਿ ਗੁਰੂ ਅਮਰਦਾਸ ਜੀ ਨੇ ਦੂਰੋਂ ਹੀ ਆਵਾਜ਼ ਦਿਤੀ, ਧੀਏ ਭਾਨੀਏ, ਜੇ ਸਾਈਂ ਦੀ ਰਜ਼ਾ ਵਰਤੇ ਅਤੇ ਰਾਮਦਾਸ ਗੁਜ਼ਰ ਜਾਏ ਤਾਂ ਸੱਚੀ ਦਸੀਂ ਬੇਟਾ ਤੂੰ ਕੀ ਕਰੇਂ?

ਰਜ਼ਾ ਦੀ ਮੂਰਤ ਬੀਬੀ ਭਾਨੀ ਜੀ ਨੇ ਸਿਰ ਝੁਕਾ ਦਿਤਾ ਅਤੇ ਸੁਹਾਗ ਦੀ ਨਿਸ਼ਾਨੀ ਨੱਥ ਗੁਰੂ ਚਰਨਾਂ ਤੇ ਰੱਖ ਦਿਤੀ। ਗੁਰੂ ਅਮਰਦਾਸ ਜੀ ਨੇ ਫੁਰਮਾਇਆ, 'ਪਾ ਲੈ, ਬੱਚੀ ਪਾ ਲੈ' ਤਾਂ ਬੀਬੀ ਭਾਨੀ ਜੀ ਨੇ ਨਿਮਰਤਾ ਨਾਲ ਕਹਿਆ, 'ਲੁਹਾਈ ਵੀ ਆਪ ਜੇ। ਹੁਣ ਪੁਆਓ ਵੀ ਆਪ।' ਗੁਰੂ ਅਮਰਦਾਸ ਜੀ ਨੇ ਉਸੇ ਵੇਲੇ ਬਖਸ਼ਸ਼ ਦੇ ਘਰ ਆ ਕੇ ਫੁਰਮਾਇਆ, ਜਾ ਬਚੀਏ! 'ਸਾਈਂ ਸ਼ਰਮ ਰਖੇਗਾ'। ਆਪਣੀ ਰਹਿੰਦੀ ਆਯੂ (ਗੁਰੂ) ਰਾਮਦਾਸ ਜੀ ਨੂੰ ਦਿਤੀ ਅਤੇ ਆਖਿਆ ਮੈਂ ਪਰਲੋਕ ਸਿਧਾਰ ਰਹਿਆ ਹਾਂ।'

'ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਅਤੇ ਆਪਣੀ ਆਯੂ ਦੇ ਛੇ ਸਾਲ ਗਿਆਰਾਂ ਮਹੀਨੇ ਅਤੇ ਸਤ ਦਿਨ ਰਾਮਦਾਸ ਜੀ ਨੂੰ ਦੇ ਗਏ। ਬੀਬੀ ਭਾਨੀ ਨੇ ਸਤ ਸਾਲ ਜ਼ਰੂਰ ਲਏ ਪਰ ਸੱਤ ਹੀ ਸ਼ਹੀਦੀਆਂ ਆਪਣੇ ਪਰਵਾਰ ਵਿਚ ਲਈਆਂ। ਸਭ ਤੋਂ ਪਹਿਲਾਂ ਪੁਤਰ ਗੁਰੂ ਅਰਜਨ ਦੇਵ ਜੀ ਨੂੰ ਭਾਣੇ ਦੀ ਵੇਦੀ ਤੇ ਪਰਵਾਨ ਚੜ੍ਹਦਿਆਂ ਡਿਠਾ। ਫਿਰ